30-NOV-PAGE-1.qxd 11/29/2025 9:31 PM Page 1

ਐਤਵਾਰ, 30 ਨਵੰਬਰ, 2025
15 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 180

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 30 NOVEMBER, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਲੋਕਾਂ ਨੂੰ ਖੱਜਲ-ਖੁਆਰ ਨਾ ਕੀਤਾ ਜਾਵੇ : ਮੁੱਖ ਮੰਤਰੀ

ਹੜਤਾਲੀ ਮੁਲਾਜ਼ਮਾਂ ਨੂੰ ਗੱਲਬਾਤ ਦਾ ਸੱਦਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਹੜਤਾਲ ਕਰਨ ਵਾਲੇ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਕਾਮਿਆਂ ਨੂੰ ਕਿਹਾ ਕਿ ਉਹ ਆਮ ਲੋਕਾਂ ਨੂੰ ਖੱਜਲ-ਖੁਆਰ ਨਾ ਕਰਨ, ਬਲਕਿ ਯੂਨੀਅਨ ਆਗੂ ਸੂਬਾ ਸਰਕਾਰ ਨਾਲ ਮੀਟਿੰਗ ਕਰਨ ਤਾਂ ਜੋ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੀ ਆਰ ਟੀ ਸੀ ਕਾਮਿਆਂ ਦੇ ਸਾਰੇ ਮਸਲਿਆਂ ਨੂੰ ਹੱਲ ਕੀਤਾ ਜਾਵੇਗਾ। ਮਾਨ ਨੇ ਪਿਛਲੀਆਂ ਸਰਕਾਰਾਂ 'ਤੇ ਹਮਲੇ ਕਰਦਿਆਂ ਕਿਹਾ ਕਿ ਇਹ ਪਿਛਲੀਆਂ ਸਰਕਾਰਾਂ ਵੱਲੋਂ ਕੀਤੇ ਹੋਏ ਕੰਮਾਂ ਦੇ ਨਤੀਜੇ ਹਨ, ਜਿਸ ਕਰਕੇ ਅੱਜ ਮੁਲਾਜ਼ਮਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਹਿਲਾਂ ਕੱਚੇ ਕਾਮੇ ਭਰਤੀ ਕੀਤੇ ਅਤੇ ਉਨ੍ਹਾਂ ਨੂੰ ਭਰਤੀ ਕਰਨ ਸਮੇਂ ਉਨ੍ਹਾਂ ਦੀ ਨਿਯੁਕਤੀ ਦੀ ਮਿਆਦ ਅਤੇ ਤਨਖਾਹ ਬਾਰੇ ਕੋਈ ਸਥਿਤੀ ਸਪੱਸ਼ਟ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਕਾਮਿਆਂ ਨਾਲ ਗੱਲਬਾਤ ਕਰਕੇ ਸਾਰੇ ਮਸਲਿਆਂ ਨੂੰ ਹੱਲ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਬਾਰੇ ਸਰਕਾਰ ਵੱਲੋਂ ਲਗਾਤਾਰ ਐਡਵੋਕੇਟ ਜਨਰਲ ਪੰਜਾਬ ਨਾਲ ਵੀ ਗੱਲਬਾਤ ਕੀਤੀ ਜਾ ਰਹੀ ਹੈ, ਤਾਂ ਜੋ ਅਦਾਲਤਾਂ ਵਿੱਚ ਚੱਲ ਰਹੇ ਮਾਮਲਿਆਂ ਦਾ ਵੀ ਨਿਪਟਾਰਾ ਕੀਤਾ ਜਾ ਸਕੇ।

44920 ਕਿਲੋਮੀਟਰ ਲੰਮੀਆਂ ਸੜਕਾਂ ਦੀ ਉਸਾਰੀ ਕੀਤੀ ਜਾਵੇਗੀ

ਚੰਡੀਗੜ੍ਹ : ਪੰਜਾਬ ਵਿੱਚ 44920 ਕਿਲੋਮੀਟਰ ਲੰਬੀਆਂ ਸੜਕਾਂ ਦੀ ਉਸਾਰੀ ਕੀਤੀ ਜਾਵੇਗੀ ਅਤੇ ਇਸ 'ਤੇ 16209 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਹ ਪ੍ਰਗਟਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 19373 ਕਿਲੋਮੀਟਰ ਲੰਬੀਆਂ ਸੜਕਾਂ ਦੀ ਉਸਾਰੀ ਦਾ ਕੰਮ ਅਕਤੂਬਰ ਮਹੀਨੇ ਵਿੱਚ ਸ਼ੁਰੂ ਕਰ ਦਿੱਤਾ ਸੀ, ਜਦੋਂ ਕਿ 25547 ਕਿਲੋਮੀਟਰ ਲੰਬੀਆਂ ਸੜਕਾਂ ਦੀ ਉਸਾਰੀ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੜਕਾਂ ਦੀ ਉਸਾਰੀ ਕਰਨ ਵਾਲੇ ਠੇਕੇਦਾਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਸੜਕ ਦੀ ਉਸਾਰੀ ਵਿੱਚ ਮਟੀਰੀਅਲ ਦੀ ਸਹੀ ਵਰਤੋਂ ਕਰਨ, ਜੇਕਰ ਕਿਸੇ ਵੱਲੋਂ ਮਟੀਰੀਅਲ ਸਹੀ ਨਾ ਵਰਤਿਆ ਗਿਆ ਤਾਂ ਉਸ ਦਾ ਟੈਂਡਰ ਰੱਦ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਸੂਬੇ ਵਿੱਚ ਮਾੜੇ ਅਨਸਰਾਂ ਨਾਲ ਸਖਤੀ ਨਾਲ ਪੇਸ਼ ਆਉਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਵਿਅਕਤੀ ਗੋਲੀਬਾਰੀ ਕਰਕੇ ਸੂਬੇ ਦੀ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਖਰਾਬ ਕਰੇਗਾ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ, ਸੂਬੇ ਦੇ ਲੋਕਾਂ ਨੂੰ ਮਾਰਨ ਵਾਲਿਆਂ ਨੂੰ ਆਪਣੀ ਮਾਂ ਕੋਲ ਘਰ ਵਾਪਸ ਨਹੀਂ ਜਾਣ ਦਿੱਤਾ ਜਾਵੇਗਾ।

ਕਿਲੋਮੀਟਰ ਸਕੀਮ 'ਤੇ ਦੂਸਰੇ ਦਿਨ ਵੀ ਪ੍ਰਦਰਸ਼ਨ

ਪਟਿਆਲਾ/ਹੁਸ਼ਿਆਰਪੁਰ : ਪੀ ਆਰ ਟੀ ਸੀ ਵਿੱਚ ਕਿਲੋਮੀਟਰ ਸਕੀਮ ਤਹਿਤ ਬੱਸਾਂ ਪਾਉਣ ਨੂੰ ਲੈ ਕੇ ਚੱਲ ਰਹੇ ਰੇੜਕੇ ਕਾਰਨ ਕੱਚੇ ਕਾਮਿਆਂ ਦਾ ਸੰਘਰਸ਼ ਦੂਜੇ ਦਿਨ ਵੀ ਜਾਰੀ ਰਿਹਾ। ਸਰਕਾਰੀ ਬੱਸਾਂ ਘੱਟ ਚੱਲਣ ਕਾਰਨ ਯਾਤਰੀਆਂ ਨੂੰ ਪ੍ਰਾਈਵੇਟ ਆਪਰੇਟਰਾਂ 'ਤੇ ਨਿਰਭਰ ਰਹਿਣਾ ਪਿਆ। ਮਹਿਲਾ ਯਾਤਰੀ, ਜੋ ਆਮ ਤੌਰ 'ਤੇ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਲੈਂਦੀਆਂ ਹਨ, ਨੇ ਕਿਹਾ ਕਿ ਸਰਕਾਰੀ ਸੇਵਾਵਾਂ ਦੀ ਅਣਹੋਂਦ ਵਿੱਚ ਉਨ੍ਹਾਂ ਨੂੰ ਪ੍ਰਾਈਵੇਟ ਬੱਸਾਂ ਵਿੱਚ ਟਿਕਟਾਂ ਖਰੀਦਣ ਲਈ ਮਜਬੂਰ ਹੋਣਾ ਪਿਆ ਹੈ। ਪੰਜਾਬ ਵਿੱਚ ਸਰਕਾਰੀ ਬੱਸ ਸੇਵਾਵਾਂ ਦੇ ਕਈ ਠੇਕਾ ਕਰਮਚਾਰੀਆਂ ਨੂੰ ਕਿਲੋਮੀਟਰ-ਆਧਾਰਤ ਬੱਸ ਸਕੀਮ ਨਾਲ ਸੰਬੰਧਤ ਟੈਂਡਰ ਖੋਲ੍ਹਣ ਵਿਰੁੱਧ ਕੀਤੇ ਪ੍ਰਦਰਸ਼ਨ ਦੌਰਾਨ ਹਿਰਾਸਤ ਵਿੱਚ ਲਏ ਜਾਣ ਤੋਂ ਇੱਕ ਦਿਨ ਬਾਅਦ ਲੁਧਿਆਣਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਪੁਲਸ ਕਾਰਵਾਈ ਦੀ ਨਿੰਦਾ ਕੀਤੀ। ਹੁਸ਼ਿਆਰਪੁਰ ਵਿੱਚ ਪਨਬੱਸ ਕੰਟਰੈਕਟ ਵਰਕਰਜ਼ ਯੂਨੀਅਨ ਦੇ ਸੀਨੀਅਰ ਮੈਂਬਰ

• ਬਾਕੀ ਸਫਾ 2 'ਤੇ

ਕੱਚੇ ਹੜਤਾਲੀ ਮੁਲਾਜ਼ਮ ਮੁਅੱਤਲ

ਚੰਡੀਗੜ੍ਹ : ਹੜਤਾਲ 'ਚ ਸ਼ਾਮਲ ਕੱਚੇ ਮੁਲਾਜ਼ਮਾਂ ਖਿਲਾਫ ਵੱਡੀ ਕਾਰਵਾਈ ਕਰਦਿਆਂ ਇਨ੍ਹਾਂ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਵਿਭਾਗ ਨੇ ਮੁਲਾਜ਼ਮਾਂ ਨੂੰ ਇਹ ਜਾਣਕਾਰੀ ਭੇਜੀ ਈ-ਮੇਲ ਵਿੱਚ ਦਿੱਤੀ। ਜਦ ਕਿ ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਨੂੰ ਕੰਮ 'ਤੇ ਵਾਪਸ ਆਉਣ ਲਈ ਸਮਾਂ ਦਿੱਤਾ ਹੈ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਉਨ੍ਹਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। ਲੱਗਭੱਗ 9000 ਮੁਲਾਜ਼ਮ ਇਸ ਸਮੇਂ ਆਰਜ਼ੀ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਹਨ। ਜ਼ਿਕਰਯੋਗ ਹੈ ਕਿ ਕੁਝ ਮੁਲਾਜ਼ਮਾਂ ਨੇ ਕੱਲ੍ਹ ਆਪਣੇ ਉੱਪਰ ਪੈਟਰੋਲ ਪਾ ਕੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਤੋਂ ਬਾਅਦ ਸਰਕਾਰ ਨੇ ਸਖ਼ਤੀ ਦਿਖਾਈ ਹੈ।

ਆਸਟਰੇਲੀਆਈ ਪ੍ਰਧਾਨ ਮੰਤਰੀ ਨੇ ਮੁੜ ਰਚਾਇਆ ਵਿਆਹ

ਮੈਲਬੋਰਨ : ਆਸਟਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸ਼ਨੀਵਾਰ ਨੂੰ ਆਪਣੀ ਲੰਬੇ ਸਮੇਂ ਦੀ ਸਾਥੀ, ਜੋਡੀ ਹੇਡਨ ਨਾਲ ਵਿਆਹ ਕਰ ਲਿਆ। ਅਜਿਹਾ ਕਰਨ ਵਾਲੇ ਉਹ ਦੇਸ਼ ਦੇ ਇਤਿਹਾਸ ਵਿਚ ਪਹਿਲੇ ਪ੍ਰਧਾਨ ਮੰਤਰੀ ਬਣ ਗਏ ਹਨ, ਜਿਨ੍ਹਾਂ ਨੇ ਅਹੁਦੇ 'ਤੇ ਰਹਿੰਦਿਆਂ ਵਿਆਹ ਕੀਤਾ। 62 ਸਾਲਾ ਅਲਬਾਨੀਜ਼ ਅਤੇ 46 ਸਾਲਾ ਹੇਡਨ ਨੇ ਰਾਜਧਾਨੀ ਕੈਨਬਰਾ ਵਿਚ ਪ੍ਰਧਾਨ ਮੰਤਰੀ ਦੇ ਨਿਵਾਸ ਦ ਲਾਜ ਦੇ ਬਾਗ਼ ਵਿਚ ਇਕ ਨਿੱਜੀ ਸਮਾਰੋਹ ਵਿਚ ਵਿਆਹ ਕੀਤਾ। ਇਸ ਸਮਾਰੋਹ ਵਿਚ ਸਿਰਫ਼ ਪਰਵਾਰਕ ਮੈਂਬਰ ਅਤੇ ਕੁਝ ਨਜ਼ਦੀਕੀ ਦੋਸਤ ਸ਼ਾਮਲ ਹੋਏ। ਵਿਆਹ ਤੋਂ ਬਾਅਦ ਜਾਰੀ ਕੀਤੇ ਗਏ ਇਕ ਬਿਆਨ ਵਿਚ ਅਲਬਾਨੀਜ਼ ਨੇ ਕਿਹਾ ਕਿ ਅਸੀਂ ਬਹੁਤ ਖੁਸ਼ ਹਾਂ। ਆਪਣੇ ਪਰਵਾਰ ਅਤੇ ਅਜ਼ੀਜ਼ਾਂ ਦੀ ਮੌਜੂਦਗੀ ਵਿਚ ਅਸੀਂ ਇਕੱਠੇ ਰਹਿਣ ਦਾ ਪ੍ਰਣ ਲਿਆ ਹੈ। ਅਲਬਾਨੀਜ਼ ਨੇ ਸਿਰਫ਼ ਇਕ ਸ਼ਬਦ ਲਿਖ ਕੇ ਆਪਣੇ ਵਿਆਹ ਦੀ ਇਕ ਝਲਕ ਸਾਂਝੀ ਕੀਤੀ, ਵਿਆਹਿਆ ਹੋਇਆ। ਵੀਡੀਓ ਵਿਚ ਉਹ ਟਾਈ ਸੂਟ ਵਿਚ ਦਿਖਾਈ ਦਿੱਤੇ, ਜਦੋਂ ਕਿ ਹੇਡਨ ਨੇ ਚਿੱਟੇ ਰੰਗ ਦਾ ਗਾਊਨ ਪਹਿਨਿਆ।

ਹਾਈ ਕੋਰਟ ਵੱਲੋਂ ਮਾਨ ਤੇ ਹੋਰਨਾਂ ਵਿਰੁੱਧ ਦਰਜ ਐੱਫ ਆਈ ਆਰ ਰੱਦ

ਚੰਡੀਗੜ੍ਹ : ਸੀ ਐੱਮ ਮਾਨ ਸਣੇ ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੂੰ ਹਾਈਕੋਰਟ ਨੇ ਵੱਡੀ ਰਾਹਤ ਦਿੰਦਿਆਂ ਇਕ ਐੱਫ ਆਈ ਆਰ ਜੋ ਉਨ੍ਹਾਂ ਵਿਰੁੱਧ 2020 ਵਿਚ ਦਰਜ ਹੋਈ ਸੀ, ਨੂੰ ਰੱਦ ਕਰ ਦਿੱਤਾ ਹੈ। ਇਹ ਐੱਫ ਆਈ ਆਰ ਚੰਡੀਗੜ੍ਹ ਧਰਨੇ ਦੌਰਾਨ ਦਰਜ ਹੋਈ ਸੀ। ਇਸ ਫੈਸਲੇ ਨਾਲ ਸੀ ਐੱਮ ਮਾਨ, ਵਿੱਤ ਮੰਤਰੀ ਹਰਪਾਲ ਚੀਮਾ, ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਬਲਜਿੰਦਰ ਕੌਰ, ਗੁਰਮੀਤ ਸਿੰਘ ਮੀਤ ਹੇਅਰ, ਜੈਕਿਸ਼ਨ ਸਿੰਘ ਰੋੜੀ, ਮਾਸਟਰ ਬਲਦੇਵ ਸਿੰਘ, ਨਰਿੰਦਰ ਸਿੰਘ ਸ਼ੇਰਗਿੱਲ, ਸਰਬਜੀਤ ਕੌਰ ਮਾਣੂੰਕੇ ਸਣੇ ਕਈ ਆਗੂਆਂ ਨੂੰ ਰਾਹਤ ਮਿਲੀ ਹੈ। ਜ਼ਿਕਰਯੋਗ ਹੈ ਕਿ 2020-21 ਵਿਚ ਪੰਜਾਬ ਵਿਚ ਬਿਜਲੀ ਦਰਾਂ 'ਚ ਵਾਧੇ ਵਿਰੁੱਧ ਤੇ ਲਖੀਮਪੁਰ ਖੀਰੀ ਵਿੱਚ ਪ੍ਰਦਰਸ਼ਨ ਦੌਰਾਨ ਕਿਸਾਨਾਂ 'ਤੇ ਗੱਡੀਆਂ ਚੜ੍ਹਾਉਣ ਦੇ ਵਿਰੋਧ ਵਿਚ ਚੰਡੀਗੜ੍ਹ ਵਿਚ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਪ੍ਰਦਰਸ਼ਨ ਦੌਰਾਨ ਪੁਲਸ ਨਾਲ ਧੱਕਾ-ਮੁੱਕੀ ਵੀ ਹੋਈ ਸੀ, ਜਿਸ ਉਪਰੰਤ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਅਨਮੋਲ ਬਿਸ਼ਨੋਈ ਦੀ ਹਿਰਾਸਤ 5 ਤੱਕ ਵਧਾਈ

ਨਵੀਂ ਦਿੱਲੀ : ਦਿੱਲੀ ਦੀ ਇੱਕ ਅਦਾਲਤ ਨੇ ਸ਼ਨਿਵਾਰ ਨੂੰ ਡਿਪੋਰਟ ਕੀਤੇ ਗੈਂਗਸਟਰ ਅਨਮੋਲ ਬਿਸ਼ਨੋਈ ਦੀ ਐੱਨ ਆਈ ਏ ਹਿਰਾਸਤ ਸੱਤ ਦਿਨਾਂ ਲਈ ਹੋਰ ਵਧਾ ਦਿੱਤੀ ਹੈ। ਵਿਸ਼ੇਸ਼ ਜੱਜ ਪ੍ਰਸ਼ਾਂਤ ਸ਼ਰਮਾ ਨੇ ਐੱਨ ਆਈ ਏ ਮੁੱਖ ਦਫ਼ਤਰ ਵਿਖੇ ਕਰਵਾਈ ਗਈ ਸਖ਼ਤ ਸੁਰੱਖਿਆ ਵਾਲੀ ਸੁਣਵਾਈ ਵਿੱਚ ਹਿਰਾਸਤ 5 ਦਸੰਬਰ ਤੱਕ ਵਧਾਉਣ ਦਾ ਹੁਕਮ ਦਿੱਤਾ ਹੈ। ਐੱਨ ਸੀ ਪੀ ਆਗੂ ਸਿੱਦੀਕੀ ਦੇ ਕਤਲ, ਅਪਰੈਲ 2024 ਵਿੱਚ ਅਦਾਕਾਰ ਸਲਮਾਨ ਖਾਨ ਦੀ ਰਿਹਾਇਸ਼ 'ਤੇ ਗੋਲੀਬਾਰੀ, ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ, ਸਮੇਤ ਹੋਰ ਅਪਰਾਧਾਂ ਦੇ ਸਬੰਧ ਵਿੱਚ ਲੋੜੀਂਦੇ ਅਨਮੋਲ ਨੂੰ 18 ਨਵੰਬਰ ਨੂੰ ਅਮਰੀਕਾ ਤੋਂ ਵਾਪਿਸ ਭੇਜਿਆ ਗਿਆ ਸੀ।

ਅਕਾਲੀ ਦਲ ਦੀ 'ਗੈਂਗਸਟਰ ਰਾਜਨੀਤੀ' ਦਾ ਪਰਦਾ ਫਾਸ਼ : ਧਾਲੀਵਾਲ

ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ) ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਪਾਰਟੀ ਗੈਂਗਸਟਰਾਂ ਦੀ ਮਦਦ ਨਾਲ ਪੰਜਾਬ ਵਿੱਚ ਆਪਣਾ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਸਿਆਸੀ ਅਧਾਰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਧਾਲੀਵਾਲ ਨੇ ਕਿਹਾ ਕਿ ਹਾਲ ਹੀ ਵਿੱਚ ਇੱਕ ਪ੍ਰਮੁੱਖ ਗੈਂਗਸਟਰ ਦੀ ਪਤਨੀ ਕੰਚਨਪ੍ਰੀਤ ਕੌਰ ਦੀ ਗ੍ਰਿਫ਼ਤਾਰੀ ਨੇ ਇਹ ਜ਼ਾਹਰ ਕਰ ਦਿੱਤਾ ਹੈ ਕਿ ਗੈਂਗਸਟਰ ਅਤੇ ਅਕਾਲੀ ਦਲ ਕਿਵੇਂ ਮਿਲੀਭੁਗਤ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਆਪਣੇ ਮਾੜੇ ਕੰਮਾਂ ਕਾਰਨ ਪਹਿਲਾਂ ਹੀ ਪੰਜਾਬ ਵਿੱਚ ਆਪਣੀ ਰਾਜਨੀਤਿਕ ਪਛਾਣ ਗੁਆ ਚੁੱਕਾ ਹੈ। ਹੁਣ, ਉਹ ਗੈਂਗਸਟਰਾਂ ਦੀ ਮਦਦ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਦੁਬਾਰਾ ਦਾਖਲ ਹੋਣਾ ਚਾਹੁੰਦੇ ਹਨ। ਨਾ ਤਾਂ ਲੋਕ, ਨਾ ਪੰਜਾਬ ਸਰਕਾਰ, ਅਤੇ ਨਾ ਹੀ ਮੁੱਖ ਮੰਤਰੀ ਭਗਵੰਤ ਮਾਨ ਇਸ ਦੀ ਇਜਾਜ਼ਤ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਨੇ ਭਾਜਪਾ ਨਾਲ ਆਪਣੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਵਿੱਚ ਗੈਂਗਸਟਰਾਂ ਨੂੰ ਪਾਲਿਆ। ਪੁਤਲੀ ਘਰ ਚੌਕ ਕਤਲ ਕਾਂਡ, ਨਾਭਾ ਜੇਲ੍ਹ ਬ੍ਰੇਕ, ਅਤੇ ਇਸ ਤਰ੍ਹਾਂ ਦੇ ਕਈ ਮਾਮਲੇ ਗੈਂਗਸਟਰਾਂ ਨੂੰ ਖੁੱਲ੍ਹੇ ਆਮ ਰਾਜਨੀਤਿਕ ਸਰਪ੍ਰਸਤੀ ਦੀਆਂ ਉਦਾਹਰਣਾਂ ਹਨ। ਧਾਲੀਵਾਲ ਨੇ ਕਿਹਾ ਕਿ ਪੁਲਿਸ ਅਫ਼ਸਰ ਦੇ ਕਤਲ ਤੋਂ ਬਾਅਦ ਗੈਂਗਸਟਰਾਂ ਨੇ 'ਮਜੀਠੀਆ ਜ਼ਿੰਦਾਬਾਦ' ਦੇ ਨਾਅਰੇ ਲਗਾਏ। ਪੰਜਾਬ ਨੂੰ ਹੋਰ ਕੀ ਸਬੂਤ ਚਾਹੀਦਾ ਹੈ? ਕੰਚਨਪ੍ਰੀਤ ਕੌਰ ਦਾ ਹਵਾਲਾ ਦਿੰਦੇ ਹੋਏ ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਇਸ ਤੱਥ ਨੂੰ ਛੁਪਾ ਰਿਹਾ ਹੈ ਕਿ ਉਹ ਇੱਕ ਬਦਨਾਮ ਗੈਂਗਸਟਰ ਦੀ ਪਤਨੀ ਹੈ ਜਿਸ ਦੇ ਖਿਲਾਫ 30 ਤੋਂ ਵੱਧ ਐਫ ਆਈ ਆਰ ਦਰਜ ਹਨ। ਉਨ੍ਹਾਂ ਸਵਾਲ ਕੀਤਾ ਕਿ ਅਕਾਲੀ ਦਲ ਇਹ ਦੱਸਣ ਤੋਂ ਕਿਉਂ ਡਰਦਾ ਹੈ ਕਿ ਉਹ ਇੱਕ ਗੈਂਗਸਟਰ ਦੀ ਪਤਨੀ ਹੈ? ਉਹ ਪੰਜਾਬ ਕਿਵੇਂ ਆਈ? ਉਸ ਦੀ ਇਮੀਗ੍ਰੇਸ਼ਨ ਕਿਵੇਂ ਹੋਈ? ਉਨ੍ਹਾਂ ਦੋਸ਼ ਲਾਇਆ ਕਿ ਉਹ ਲੋਕਾਂ ਨੂੰ ਫੋਨ ਕਰਨ ਅਤੇ ਧਮਕੀਆਂ ਦੇਣ ਲਈ ਆਪਣੇ ਪਤੀ ਦੇ ਨਾਮ ਦੀ ਵਰਤੋਂ ਕਰ ਰਹੀ ਸੀ।

ਕੈਨੇਡਾ ਤੋਂ ਪਰਤੀ ਪਤਨੀ ਵੱਲੋਂ ਪ੍ਰੇਮੀ ਨਾਲ ਮਿਲ ਕੇ ਪਤੀ ਦਾ ਕਤਲ

ਫ਼ਰੀਦਕੋਟ : ਇੱਥੋਂ ਨੇੜਲੇ ਪਿੰਡ ਸੁੱਖਣਵਾਲਾ ਵਿੱਚ ਦੇਰ ਰਾਤ ਪਤਨੀ ਵੱਲੋਂ ਪ੍ਰੇਮੀ ਨਾਲ ਮਿਲ ਕੇ 30 ਸਾਲਾ ਨੌਜਵਾਨ ਦਾ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਦੀ ਮੁੱਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਗੁਰਵਿੰਦਰ ਸਿੰਘ ਦਾ ਦੋ ਸਾਲ ਪਹਿਲਾਂ ਰੁਪਿੰਦਰ ਕੌਰ ਨਾਲ ਵਿਆਹ ਹੋਇਆ ਸੀ। ਰੁਪਿੰਦਰ ਕੌਰ ਕੈਨੇਡਾ ਰਹਿੰਦੀ ਸੀ, ਜਿੱਥੇ ਉਸ ਦੀ ਹਰਕੰਵਲਜੀਤ ਸਿੰਘ ਵਾਸੀ ਬੱਲੂਆਣਾ ਨਾਲ ਦੋਸਤੀ ਹੋ ਗਈ ਅਤੇ ਕੁਝ ਸਮਾਂ ਪਹਿਲਾਂ ਹੀ ਇਨ੍ਹਾਂ ਦੋਹਾਂ ਨੂੰ ਕੈਨੇਡਾ ਨੇ ਡਿਪੋਰਟ ਕਰਕੇ ਭਾਰਤ ਭੇਜ ਦਿੱਤਾ ਸੀ। ਡੀ ਐੱਸ ਪੀ ਤਿਰਲੋਚਨ ਸਿੰਘ ਨੇ ਕਿਹਾ ਕਿ ਮੁੱਢਲੀ ਪੜਤਾਲ ਤੋ

30-NOV-PAGE-1.qxd 11/29/2025 9:32 PM Page 2

ਚੇਅਰਮੈਨ ਚੰਦਨ ਗਰੇਵਾਲ ਵੱਲੋਂ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਚੇਅਰਮੈਨ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਸ੍ਰੀ ਚੰਦਨ ਗਰੇਵਾਲ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਸਫ਼ਾਈ ਕਰਮਚਾਰੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਸਫ਼ਾਈ ਕਰਮਚਾਰੀਆਂ ਨੇ ਚੇਅਰਮੈਨ ਸਫ਼ਾਈ ਕਰਮਚਾਰੀ ਕਮਿਸ਼ਨ ਨੂੰ ਮੁਸ਼ਕਲਾਂ ਬਾਰੇ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਉਨ੍ਹਾਂ ਦੇ ਈ.ਪੀ.ਐੱਫ਼. ਫੰਡ ਸਬੰਧੀ ਮਤੇ ਪਾ ਕੇ ਚੰਡੀਗੜ੍ਹ ਵਿਖੇ ਭੇਜੇ ਗਏ ਸਨ, ਪਰ ਉਨ੍ਹਾਂ 'ਤੇ ਕੋਈ ਕਾਰਵਾਈ ਨਹੀਂ ਹੋਈ ਤੇ ਉਨ੍ਹਾਂ ਦੀ ਮੁਸ਼ਕਲ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਇਸ ਦੌਰਾਨ ਚੇਅਰਮੈਨ ਨੇ ਮੌਕੇ 'ਤੇ ਹੀ ਪ੍ਰਧਾਨ ਸਫਾਈ ਕਰਮਚਾਰੀ ਯੂਨੀਅਨ ਨੂੰ ਹਦਾਇਤ ਕੀਤੀ ਕਿ ਈ.ਪੀ.ਐੱਫ਼. ਦੇ ਫੰਡ ਸਬੰਧੀ ਗੱਲਬਾਤ ਕਰਕੇ ਕਲੀਅਰ ਕੀਤਾ ਜਾਵੇ।ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਸਫ਼ਾਈ ਕਰਮਚਾਰੀ ਮੰਜੂਦਾ ਪਾਲਿਸੀ ਅਧੀਨ ਕੰਮ ਕਰ ਰਹੇ ਹਨ, ਉਸੇ ਪਾਲਿਸੀ ਅਧੀਨ ਹੀ ਕੰਮ ਕਰਨ ਅਤੇ ਉਸੇ ਅਨੁਸਾਰ ਹੀ ਉਨ੍ਹਾਂ ਨੂੰ ਤਨਖਾਹ ਦਿੱਤੀ ਜਾਵੇ।ਕੋਈ ਨਵੀਂ ਪਾਲਿਸੀ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਲਾਗੂ ਨਾ ਕੀਤੀ ਜਾਵੇ।ਇਸ ਮੌਕੇ ਐੱਸ.ਡੀ.ਐੱਮ. ਸ੍ਰੀਮਤੀ ਬਲਜੀਤ ਕੌਰ, ਕਾਰਜ ਸਾਧਕ ਅਫ਼ਸਰ ਵਰੁਣ ਕੁਮਾਰ ਸਹੋਤਾ, ਸੈਨਟਰੀ ਇੰਸਪੈਕਟਰ ਪਰਮਜੀਤ ਸਿੰਘ, ਅਸ਼ੋਕ ਮਹਿੰਦਰਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਤੇ ਸਫ਼ਾਈ ਸੇਵਕ ਯੂਨੀਅਨ ਦੇ ਨੁਮਾਇੰਦੇ ਹਾਜ਼ਰ ਸਨ।

ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਵਿਰੋਧ 'ਚ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

ਮੋਗਾ (ਇਕਬਾਲ ਸਿੰਘ ਖਹਿਰਾ)-ਸਿਹਤ ਸੇਵਾਵਾਂ ਬਚਾਓ ਸੰਘਰਸ਼ ਕਮੇਟੀ ਦੇ ਸੱਦੇ 'ਤੇ ਮੋਗਾ ਦੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਵੱਡੀ ਗਿਣਤੀ ਵਿੱਚ ਸਿਹਤ ਮੁਲਾਜ਼ਮਾਂ ਤੇ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਦੀਆਂ ਜਥੇਬੰਦੀਆਂ ਵੱਲੋਂ ਸ਼ਮੂਲੀਅਤ ਕਰਦੇ ਹੋਏ ਸਿਹਤ ਸੇਵਾਵਾਂ ਦੇ ਨਿੱਜੀਕਰਨ ਦੇ ਵਿਰੋਧ ਵਿੱਚ ਕਨਵੈਨਸ਼ਨ ਕੀਤੀ ਗਈ।ਵਰਣਨਯੋਗ ਹੈ ਪਿਛਲੇ ਦਿਨੀਂ ਮੀਡੀਆ ਵਿੱਚ ਛਪੀਆਂ ਖਬਰਾਂ ਕਿ ਪੰਜਾਬ ਦੇ 5 ਹਸਪਤਾਲ ਤੇ 2 ਮੈਡੀਕਲ ਕਾਲਜ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮੋਡ ਤਹਿਤ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਤਿਆਰੀ ਹੈ।ਕਨਵੈਨਸ਼ਨ ਵਿੱਚ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਲੋਕ ਵਿਰੋਧੀ ਫ਼ੈਸਲੇ ਦੀ ਪਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਇਹ ਲੋਕ ਵਿਰੋਧੀ ਫ਼ੈਸਲਾ ਵਾਪਸ ਲੈਣਾ ਹੋਵੇਗਾ।ਕਨਵੀਨਰ ਡਾ. ਗਗਨਦੀਪ ਸਿੰਘ, ਕੋ-ਕਨਵੀਨਰ ਤੇ ਡਾ. ਇੰਦਰਬੀਰ ਸਿੰਘ ਗਿੱਲ ਨੇ ਮੋਗਾ ਜ਼ਿਲ੍ਹੇ ਦੇ ਚਾਰੋਂ ਵਿਧਾਇਕਾਂ ਨੂੰ ਪੁੱਛਦੇ ਹੋਏ ਕਿਹਾ ਕਿ ਇਸ ਫ਼ੈਸਲੇ ਬਾਰੇ ਆਪਣਾ ਸਟੈਂਡ ਸਪੱਸ਼ਟ ਕਰਨ।ਉਨ੍ਹਾਂ ਕਿਹਾ ਕਿ ਪਹਿਲਾਂ ਹੀ 85% ਸਿਹਤ ਸਹੂਲਤਾਂ ਪ੍ਰਾਈਵੇਟ ਹੱਥਾਂ ਵਿੱਚ ਹਨ।ਪੰਜਾਬ ਵਿੱਚ ਲੋਕਾਂ ਦੀ ਸਿਹਤ ਦਾ ਖ਼ਰਚਾ ਸਾਰੇ ਦੇਸ਼ ਨਾਲੋਂ ਵੱਧ ਹੈ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕੁਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਰਕਾਰ ਦੇ ਇਸ ਫ਼ੈਸਲੇ ਨਾਲ ਮੁਫ਼ਤ ਸਿਹਤ ਸਹੂਲਤਾਂ ਗਰੀਬ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਜਾਣਗੀਆਂ।ਵੱਖ ਵੱਖ-ਵੱਖ ਜਨਤਕ ਜਥੇਬੰਦੀਆਂ ਨੇ ਇਸ ਲੋਕ ਵਿਰੋਧੀ ਫ਼ੈਸਲੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ।ਲੋਕਾਂ ਨੂੰ ਇਸ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਕਿਉਂਕਿ ਇਹ ਫ਼ੈਸਲਾ ਸਾਰੇ ਦਾ ਸਾਰਾ ਲੋਕ ਵਿਰੋਧੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨਿੱਜੀਕਰਨ ਕਰਨ ਦੀ ਬਜਾਏ ਬਜਟ ਵਿੱਚ ਵਾਧਾ ਕਰ ਕੇ ਸਿਹਤ ਸਹੂਲਤਾਂ ਨੂੰ ਮਿਆਰੀ ਬਣਾਵੇ।

ਕਨਵੈਨਸ਼ਨ ਤੋਂ ਬਾਅਦ ਵੱਡੀ ਗਿਣਤੀ ਵਿੱਚ ਸ਼ਹਿਰ 'ਚ ਮੁਜ਼ਾਹਰਾ ਕਰਦੇ ਹੋਏ ਸਿਵਲ ਹਸਪਤਾਲ ਮੋਗਾ ਵਿੱਚ ਪਹੁੰਚ ਕੇ ਰੈਲੀ ਕਰਨ ਉਪਰੰਤ ਸਿਵਲ ਸਰਜਨ ਮੋਗਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ-ਪੱਤਰ ਸੌਂਪਿਆ ।ਇਸ ਕਨਵੈਂਨਸ਼ਨ ਵਿੱਚ ਡਾ. ਅੰਮ੍ਰਿਤਪਾਲ, ਡਾ. ਸਿਮਰਨ ਧਾਲੀਵਾਲ, ਡਾ. ਉਪਿੰਦਰ, ਡਾ. ਦਰਸ਼ਨ ਖੇੜੀ, ਮਨਵਿੰਦਰ ਕਟਾਰੀਆਂ, ਸਿਮਰਜੀਤ ਕੌਰ, ਜਸਵਿੰਦਰ ਕੌਰ, ਗੁਰਜੀਤ ਕੌਰ, ਕਿਰਨਦੀਪ ਕੌਰ, ਰਾਮ ਪਿਆਰੀ, ਅਮਰਜੀਤ ਕੌਰ, ਨਵਦੀਪ ਕੌਰ, ਪਰਮਿੰਦਰ ਕੁਮਾਰ, ਦਵਿੰਦਰ ਸਿੰਘ, ਚਮਕੌਰ ਸਿੰਘ, ਹਰਦੀਪ ਸਿੰਘ, ਅਮਰਦੀਪ ਸਿੰਘ, ਟਵਿੰਕਲਦੀਪ ਸਿੰਘ, ਰਮਨਜੀਤ ਸਿੰਘ, ਜਗਗੁਰੂ ਸਿੰਘ, ਪਰਮਿੰਦਰ ਸਿੰਘ, ਬਲਕਰਨ ਸਿੰਘ, ਵੱਖ-ਵੱਖ ਕਿਸਾਨ ਆਗੂ ਜਿਨ੍ਹਾਂ ਵਿੱਚ ਬਲੋਰ ਸਿੰਘ ਘੱਲ ਕਲਾਂ, ਸੂਰਤ ਸਿੰਘ ਧਰਮਕੋਟ, ਭੂਪਿੰਦਰ ਸਿੰਘ ਦੌਲਤਪੁਰਾ, ਚਮਕੌਰ ਸਿੰਘ ਰੋਡੇ, ਮੁਲਜ਼ਮ ਆਗੂ ਜਗਦੀਸ਼ਰ ਸਿੰਘ ਚਹਿਲ, ਸੁਖਦੇਵ ਸਿੰਘ, ਰਾਜ ਕੁਮਾਰ, ਜਸਵਿੰਦਰ ਸਿੰਘ ਮਟਵਾਣੀ, ਸਰਬਜੀਤ ਸਿੰਘ ਦੌਧਰ, ਰਾਜਿੰਦਰ ਸਿੰਘ ਰਿਆੜ, ਕਰਮਜੀਤ ਸਿੰਘ ਮਾਣੂਕੇ, ਡਾ. ਹਰਨੇਕ ਸਿੰਘ ਰੋਡੇ, ਸਵਰਨ ਖੋਸਾ, ਸ਼ੇਰ ਸਿੰਘ ਦੌਲਤਪੁਰਾ, ਰਾਜਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ, ਪੈਨਸ਼ਨਰ ਤੇ ਭਰਾਤਰੀ ਜਥੇਬੰਦੀਆਂ ਨੇ ਇਸ ਮੁਜ਼ਾਹਰੇ ਵਿੱਚ ਸ਼ਮੂਲੀਅਤ ਕੀਤੀ।

ਸਰਕਾਰੀ ਸਕੂਲਾਂ 'ਚ ਸਾਰੀਆਂ ਖਾਲੀ ਅਸਾਮੀਆਂ ਤੁਰੰਤ ਭਰਨ ਦੀ ਕੀਤੀ ਮੰਗ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਤੇ ਬਹੁਤ ਸਾਰੇ ਸਰਕਾਰੀ ਹਾਈ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੋਣ ਕਰਕੇ ਜਿੱਥੇ ਸਰਕਾਰੀ ਕੰਮ-ਕਾਜ ਪ੍ਰਭਾਵਿਤ ਹੋ ਰਿਹਾ ਹੈ, ਇਸ ਦੇ ਨਾਲ ਹੀ ਹੋਰਨਾਂ ਸਕੂਲਾਂ ਵਿੱਚ ਮੌਜੂਦ ਪ੍ਰਿੰਸੀਪਲ ਤੇ ਮੁੱਖ ਅਧਿਆਪਕ ਹਰ ਰੋਜ਼ ਪ੍ਰੇਸ਼ਾਨ ਵੀ ਹੋ ਰਹੇ ਹਨ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।ਇਸ ਤੋਂ ਇਲਾਵਾ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵੇ ਵੀ ਖੋਖਲੇ ਸਾਬਿਤ ਹੁੰਦੇ ਦਿਖਾਈ ਦੇ ਰਹੇ ਹਨ।ਇਸ ਸਬੰਧ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਨੇ ਕਿਹਾ ਕਿ ਸਕੂਲ ਮੁਖੀਆਂ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਜਿੱਥੇ ਸਕੂਲ ਦਾ ਪ੍ਰਬੰਧ ਤੇ ਸਰਕਾਰੀ ਡਾਕਾਂ ਸਬੰਧੀ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਉੱਥੇ ਨਾਲ ਹੀ ਸੀਨੀਅਰ ਇੰਚਾਰਜ ਅਧਿਆਪਕਾਂ ਨੂੰ ਵੀ ਆਪਣੇ ਪੜ੍ਹਾਈ ਦੇ ਪੀਰੀਅਡਾਂ ਦੇ ਨਾਲ ਨਾਲ ਗੈਰ-ਵਿਦਿਅਕ ਕੰਮਾਂ ਵਿੱਚ ਵੀ ਆਪਣਾ ਸਮਾਂ ਲੰਘਾਉਣਾ ਪੈਂਦਾ ਹੈ, ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਉੱਪਰ ਵੀ ਮਾੜਾ ਅਸਰ ਪੈਂਦਾ ਹੈ।ਜਥੇਬੰਦੀ ਨੇ ਸਿੱਖਿਆ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਕੂਲ ਪ੍ਰਿੰਸੀਪਲਾਂ ਤੇ ਮੁੱਖ ਅਧਿਆਪਕਾਂ ਦੀਆਂ ਪ੍ਰਮੋਸ਼ਨ ਕੋਟੇ ਦੀਆਂ ਅਸਾਮੀਆਂ ਜਲਦੀ ਤੋਂ ਜਲਦੀ ਯੋਗ ਅਧਿਆਪਕਾਂ ਦੀ ਪ੍ਰਮੋਸ਼ਨ ਕਰਕੇ ਭਰੀਆਂ ਜਾਣ ਤੇ ਇਸ ਤੋਂ ਇਲਾਵਾ ਸਿੱਧੀ ਭਰਤੀ ਦੀਆਂ ਬਣਦੀਆਂ ਅਸਾਮੀਆਂ ਵੀ ਸਿੱਧੀ ਭਰਤੀ ਰਾਹੀਂ ਭਰੀਆਂ ਜਾਣ। ਜੇਕਰ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਅਸਲ ਸੁਧਾਰ ਕਰਨਾ ਚਾਹੁੰਦੀ ਹੈ ਤਾਂ ਤੁਰੰਤ ਡੰਗ ਟਪਾਉਣ ਦੀ ਨੀਤੀ ਛੱਡ ਕੇ ਸਾਰੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ।

ਜਗਰਾਉਂ ਬਲਾਕ ਦੇ ਵਿਦਿਆਰਥੀਆਂ ਦੇ ਕੁਇੱਜ਼ ਮੁਕਾਬਲੇ ਕਰਵਾਏ

ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਬਲਾਕ ਜਗਰਾਉਂ ਦੇ ਛੇਵੀਂ ਤੋਂ ਅੱਠਵੀਂ ਤੇ ਨੌਵੀਂ ਤੋਂ ਦਸਵੀਂ ਜਮਾਤਾਂ ਦੇ ਕੁਇੱਜ਼ ਮੁਕਾਬਲੇ ਪ੍ਰਿੰਸੀਪਲ ਸਰਬਦੀਪ ਕੌਰ ਚੌਕੀਮਾਨ ਦੀ ਅਗਵਾਈ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਖਾੜਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਦੇ ਕੁੱਲ 25 ਸਕੂਲਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਲਿਖਤੀ ਪ੍ਰੀਖਿਆ ਲੈਣ ਉਪਰੰਤ ਛੇ ਟੀਮਾਂ ਸਿਲੈਕਟ ਕਰਕੇ ਕਵਿੱਜ਼ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲੇ ਦਿਨ ਸਰਕਾਰੀ ਹਾਈ ਸਕੂਲ ਢੋਲਣ ਨੇ ਪਹਿਲਾ, ਸਰਕਾਰੀ ਹਾਈ ਸਕੂਲ ਚਚਰਾੜੀ ਦੂਸਰਾ ਤੇ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦੂਸਰੇ ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਖਾੜਾ ਨੇ ਦੂਸਰਾ ਤੇ ਪੀਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਨੇ ਤੀਸਰਾ ਸਥਾਨ ਹਾਸਲ ਕੀਤਾ। ਇਹ ਜੇਤੂ ਟੀਮਾਂ ਜੋ ਪਹਿਲੇ ਤੇ ਦੂਸਰੇ ਸਥਾਨ 'ਤੇ ਆਈਆਂ ਹਨ, ਇਹ ਅੱਗੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈਣਗੀਆਂ। ਕੰਪੀਟੀਸ਼ਨ ਦਾ ਸਾਰਾ ਪ੍ਰਬੰਧ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਮੂਹ ਸਟਾਫ਼ ਅਤੇ ਪ੍ਰਿੰਸੀਪਲ ਸਰਬਦੀਪ ਕੌਰ ਚੌਕੀਮਾਨ ਵੱਲੋਂ ਕੀਤਾ ਗਿਆ, ਜੋ ਕਿ ਕਾਬਿਲੇ ਤਾਰੀਫ਼ ਸੀ। ਮੁਕਾਬਲਿਆਂ ਦੀ ਸਾਰਥਕਤਾ ਨੂੰ ਬਰਕਰਾਰ ਰੱਖਣ ਲਈ ਦੂਸਰੇ ਬਲਾਕਾਂ ਤੋਂ ਜੱਜ ਜਸਵਿੰਦਰ ਸਿੰਘ, ਨੀਟਾ ਖਾਨ ਤੇ ਜਗਦੀਪ ਸਿੰਘ ਚੋਪੜਾ ਬੁਲਾਏ ਗਏ, ਜਿਨ੍ਹਾਂ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਜੱਜਮੈਂਟ ਦਿੱਤੀਆਂ ਤੇ ਨਤੀਜੇ ਘੋਸ਼ਿਤ ਕੀਤੇ। ਇਸ ਮੌਕੇ ਜਗਰਾਉਂ ਬਲਾਕ ਦੇ ਬੀਆਰਸੀ ਅਸ਼ਵਨੀ ਕੁਮਾਰ ਤੇ ਅਮਰਵੀਰ ਸਿੰਘ ਸੰਧੂ ਨੇ ਵੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਸਹਿਯੋਗੀ। ਇਸ ਸਮੇਂ ਸਮੁੱਚਾ ਸਕੂਲ ਸਟਾਫ ਹਾਜ਼ਰ ਸੀ।

ਰੰਗਲਾ ਪੰਜਾਬ ਤਹਿਤ ਪਿੰਡਾਂ ਦੇ ਵਿਕਾਸ ਲਈ ਸਾਢੇ ਤਿੰਨ ਕਰੋੜ ਦੀਆਂ ਗ੍ਰਾਂਟਾਂ ਜਾਰੀ

■ ਆਪ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ : ਵਿਧਾਇਕ ਬਾਜ਼ੀਗਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਰੰਗਲਾ ਪੰਜਾਬ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਸਾਢੇ ਤਿੰਨ ਕਰੋੜ ਰੁਪਏ ਦੀਆਂ ਗਰਾਂਟਾਂ ਤਕਸੀਮ ਕੀਤੀਆਂ ਗਈਆਂ।ਪੰਚਾਇਤਾਂ ਨੂੰ ਗਰਾਂਟਾਂ ਦੇ ਪੱਤਰ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਵੰਡੇ।ਗਰਾਂਟਾਂ ਦੇ ਚੈੱਕ ਤਕਸੀਮ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਨੂੰ ਮੁੜ ਤੋਂ ਵਿਕਾਸ ਦੀਆਂ ਲੀਹਾਂ ਉੱਤੇ ਤੋਰਨ ਲਈ ਵਚਨਬੱਧ ਹੈ ਅਤੇ ਇਸ ਮਕਸਦ ਨਾਲ ਸ਼ੁਰੂ ਕੀਤੀ ਗਈ ਰੰਗਲਾ ਪੰਜਾਬ ਮੁਹਿੰਮ ਤਹਿਤ ਹਲਕਾ ਸ਼ੁਤਰਾਣਾ ਦੀਆਂ ਪੰਚਾਇਤਾਂ ਨੂੰ ਸਾਢੇ ਤਿੰਨ ਕਰੋੜ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਗਰਾਂਟਾਂ ਨਾਲ ਹਲਕੇ ਦੇ ਪਿੰਡਾਂ ਵਿੱਚ ਜਿੱਥੇ ਗਲੀਆਂ ਨਾਲੀਆਂ ਦਾ ਕੰਮ ਵੱਡੇ ਪੱਧਰ ਉੱਤੇ ਕੀਤਾ ਜਾ ਰਿਹਾ ਹੈ, ਉੱਥੇ ਸਾਂਝੇ ਕੰਮਾਂ ਲਈ ਵਰਤੋਂ ਵਿੱਚ ਆਉਣ ਵਾਲੇ ਕਈ ਕਮਿਊਨਿਟੀ ਸੈਂਟਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਬਹੁਤ ਜਲਦੀ ਰੰਗਲਾ ਪੰਜਾਬ ਮੁਹਿੰਮ ਤਹਿਤ ਪਿੰਡਾਂ ਵਿੱਚ ਖੇਡ ਸਟੇਡੀਅਮ ਲਈ ਵੱਡੇ ਪੱਧਰ ਉੱਤੇ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵੱਡੀ ਮੁਹਿੰਮ ਤਹਿਤ ਸੂਬੇ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ ਹਲਕਾ ਸ਼ੁਤਰਾਣਾ ਵਿੱਚ 93 ਕਿਲੋਮੀਟਰ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਜਿਹੜੀਆਂ ਪੰਚਾਇਤਾਂ ਰਹਿ ਗਈਆਂ ਹਨ, ਉਨ੍ਹਾਂ ਨੂੰ ਬਹੁਤ ਜਲਦੀ ਵਿਕਾਸ ਕਾਰਜਾਂ ਲਈ ਗਰਾਂਟਾਂ ਜਾਰੀ ਕਰ ਦਿੱਤੀਆਂ ਜਾਣਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ ਡਰੋਲੀ, ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ, ਕਿਸਾਨ ਵਿੰਗ ਦੇ ਸੂਬਾ ਸਕੱਤਰ ਬੂਟਾ ਸਿੰਘ ਸ਼ੁਤਰਾਣਾ, ਤੇਜਿੰਦਰ ਸਿੰਘ ਤੇਜੀ ਬੂਰੜ ਬਲ

30 Nov Page 3.qxd 11/29/2025 10:41 PM Page 1

ਕਾਂਗਰਸ ਨੇ ਗੁਰਭੇਜ ਸਿੰਘ ਸਿਆਲਕਾ ਨੂੰ ਸਿਆਲਕਾ ਜ਼ੋਨ ਤੋਂ ਉਮੀਦਵਾਰ ਐਲਾਨਿਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਮਜੀਠਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਹਲਕੇ ਦੇ ਬਲਾਕ ਸੰਮਤੀ ਜ਼ੋਨ ਸਿਆਲਕਾ ਤੋਂ ਸਾਰੇ ਪਿੰਡਾਂ ਦੀ ਸਹਿਮਤੀ ਨਾਲ ਗੁਰਭੇਜ ਸਿੰਘ ਸਿਆਲਕਾ ਨੂੰ ਉਮੀਦਵਾਰ ਐਲਾਨਣ ਮੌਕੇ ਜੁੜੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਪੰਜਾਬ ਵਿਚਲੀ ਆਪ ਸਰਕਾਰ ਹਰੇਕ ਫਰੰਟ 'ਤੇ ਫੇਰ ਸਾਬਤ ਹੋਈ ਹੈ। ਪੰਜਾਬ ਦੇ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਰਾਜ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੇ ਲੋਕ ਬੇਹੱਦ ਤੰਗ ਹਨ। ਇਸ ਲਈ ਲੋਕ ਕਾਂਗਰਸ ਨਾਲ ਜੁੜ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਕਾਂਗਰਸ 2027 ਦਾ ਮੁੱਢ ਬੰਨ੍ਹਗੀ। ਕਾਂਗਰਸੀ ਵਰਕਰਾਂ ਵੱਲੋਂ ਗੁਰਭੇਜ ਸਿੰਘ ਸਿਆਲਕਾ ਨੂੰ ਉਮੀਦਵਾਰ ਐਲਾਨੇ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਨੂੰ ਵੱਡੇ ਫਰਕ ਨਾਲ ਜਿਤਾਉਣ ਦਾ ਵਾਅਦਾ ਕੀਤਾ।

6 ਦੀ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ 'ਤੇ : ਕਾਮਰੇਡ ਦੇਦੇਹਰ ਸਾਹਿਬ

ਚੋਹਲਾ ਸਾਹਿਬ (ਰਮਨ ਚੱਢਾ)- ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਨੌਸ਼ਹਿਰਾ ਅਤੇ ਚੋਹਲਾ ਦੇ ਸਾਂਝੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਨਗਰ ਅਤੇ ਇਲਾਕੇ ਦੇ ਸਹਿਯੋਗ ਨਾਲ ਭਾਰਤੀ ਕਮਿਊਨਿਸਟ ਪਾਰਟੀ

ਵੱਲੋਂ ਦਦੇਹਰ ਸਾਹਿਬ ਵਿਖੇ ਗਦਰੀ ਬਾਬਿਆਂ ਦੀ ਯਾਦ ਵਿੱਚ ਕਾਨਫਰੰਸ ਕੀਤੀ ਜਾ ਰਹੀ ਹੈ। ਗਦਰੀ ਬਾਬਿਆਂ ਨੂੰ ਸ਼ਰਧਾਂਜਲੀਆਂ ਦੇਣ ਵਾਸਤੇ ਪਾਰਟੀ ਦੇ ਕੇਂਦਰੀ ਆਗੂ ਅਤੇ ਸੂਬਾਈ ਆਗੂ ਸ਼ਰਧਾਂਜਲੀਆਂ ਭੇਟ ਕਰਨਗੇ। ਦੇਸ਼ ਭਗਤਾਂ ਨੇ ਇਸ ਕਰਕੇ ਦੇਸ਼ ਆਜ਼ਾਦ ਕਰਾਇਆ ਸੀ ਕਿ ਸਾਡੇ ਦੇਸ਼ ਵਿੱਚ ਭੁੱਖਮਰੀ ਨਹੀਂ ਰਹੂਗੀ, ਮਨੁੱਖ ਵੱਲੋਂ ਮਨੁੱਖ ਦੀ ਲੁੱਟ ਨਹੀਂ ਹੋਵੇਗੀ ਪਰ ਇਹ ਮਾਮਲਾ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ। 6 ਦਸੰਬਰ ਨੂੰ ਜਿੱਥੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀਆਂ ਭੇਟ ਹੋਣਗੀਆਂ ਉਥੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ। ਇਸ ਮੌਕੇ ਬਲਾਕ ਦੇ ਮੀਤ ਸਕੱਤਰ ਪਰਮਜੀਤ, ਸੇਵਾ ਸਿੰਘ ਦਦੇਹਰ ਸਾਹਿਬ ਅਤੇ ਜਸਬੀਰ ਸਿੰਘ ਜੋਣੇ ਕੇ ਹਾਜ਼ਰ ਹੋਏ।

ਵਾਰਡ ਨੰਬਰ 43 'ਚ ਗੰਦੇ ਪਾਣੀ ਅਤੇ ਵਾਰ-ਵਾਰ ਪਾਈਪ ਟੁੱਟਣ ਦੀ ਸਮੱਸਿਆ ਹੋਈ ਹੱਲ

ਬਟਾਲਾ (ਡਾ. ਮਲਵਿੰਦਰ ਸਿੰਘ)- ਵਾਰਡ ਨੰਬਰ 43 ਵਿਖੇ ਗੰਦੇ ਪਾਣੀ ਅਤੇ ਪਾਣੀ ਦੀ ਪਾਈਪ ਟੁੱਟਣ ਦੇ ਕਾਰਨ ਲੋਕਾਂ ਨੂੰ ਸਮੱਸਿਆ ਪੇਸ਼ ਆ ਰਹੀ ਸੀ, ਜਿਸਦਾ ਵਿਧਾਇਕ ਸ਼ੈਰੀ ਕਲਸੀ ਨੇ ਨਿਪਟਾਰਾ ਕੀਤਾ।ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਵਿਕਾਸ ਕਾਰਜਾਂ ਕਰਵਾਏ ਗਏ ਹਨ ਅਤੇ ਕਈ ਵਿਕਾਸ ਦੇ ਕੰਮ ਚੱਲ ਰਹੇ ਹਨ।ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ਹਿਰ ਵਿੱਚ ਲਾਈਟਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਦੁਕਾਨਦਾਰਾਂ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।ਇਤਿਹਾਸਕ ਅਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ

ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।ਪਿਛਲੇ ਦਿਨੀਂ ਬਟਾਲਾ ਵਿਖੇ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸਹੂਲਤਾਂ ਦੇਣ ਦੇ ਮੰਤਵ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਉਦਘਾਟਨ ਕੀਤਾ ਗਿਆ। ਸ਼ਹਿਰ ਅੰਦਰ ਚੌਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ।ਸ਼ਹਿਰ ਦੀ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ।ਸਕੂਲ ਆਫ ਐਮੀਨੈਂਸ ਦੀ ਉਸਾਰੀ ਕਰਵਾਈ ਗਈ ਹੈ।ਸ਼ਹਿਰ ਅੰਦਰ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਯਤਨ ਕੀਤੇ ਗਏ ਹਨ ਅਤੇ ਲੋਕਾਂ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਜਾ ਰਹੇ ਹਨ।ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

ਅਧਿਆਪਕਾਂ ਦੇ ਸੈਮੀਨਾਰ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵੱਡਾ ਅੜਿੱਕਾ : ਜੀਟੀਯੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸਿਹਤ ਅਤੇ ਸਿੱਖਿਆ ਕ੍ਰਾਂਤੀ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਇਕ ਜਾਰੀ ਤੁਗਲਕੀ ਫੁਰਮਾਨ ਅਨੁਸਾਰ ਪ੍ਰੀ-ਨਰਸਰੀ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਹਰ ਕਲਾਸ ਨੂੰ ਪੜ੍ਹਾ ਰਹੇ ਅਧਿਆਪਕ ਦੇ ਤਿੰਨ ਤਿੰਨ ਦਿਨ ਦੇ ਸੈਮੀਨਾਰ ਲੱਗ ਰਹੇ ਹਨ। ਜਿਸ ਸਕੂਲ ਵਿੱਚ ਸਿੰਗਲ ਟੀਚਰ ਹੈ ਜੇ ਉਸ ਸਕੂਲ ਦਾ ਅਧਿਆਪਕ 18 ਦਿਨ ਸੈਮੀਨਾਰਾਂ ਵਿੱਚ ਰਹੇਗਾ ਤਾਂ ਸਿੰਗਲ ਟੀਚਰ ਸਕੂਲ ਦੇ ਵਿਦਿਆਰਥੀ 18 ਦਿਨ ਪੜ੍ਹਾਈ ਤੋਂ ਵਿਰਵੇ ਰਹਿਣਗੇ। ਇਹ ਪ੍ਰਗਟਾਵਾ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਸੀਨੀਅਰ ਮੀਤ ਪ੍ਰਧਾਨ ਕੁਲਦੀਪ ਪੁਰੇਵਾਲ, ਪ੍ਰੈੱਸ ਸਕੱਤਰ ਕਰਨੈਲ ਸਿੰਘ ਫਿਲੌਰ ਅਤੇ ਸਹਾਇਕ ਪ੍ਰੈੱਸ ਸਕੱਤਰ ਦਿਲਦਾਰ ਭੰਡਾਲ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕੀਤਾ। ਜੀਟੀਯੂ ਆਗੂਆਂ ਦੱਸਿਆ ਕਿ ਬਹੁਤ ਸਕੂਲ ਦੋ ਅਧਿਆਪਕ ਵਾਲੇ ਹਨ ਜਿਸ ਸਕੂਲ ਵਿੱਚ ਇਕ ਅਧਿਆਪਕ ਸਕੂਲੋਂ ਬਾਹਰ ਸੈਮੀਨਾਰ ਵਿੱਚ ਰਹੇਗਾ ਤਾਂ ਉਹ ਸਕੂਲ ਵੀ ਸਿੰਗਲ ਟੀਚਰ ਰਹਿ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਸਕੂਲਾਂ ਵਿੱਚ ਪਹਿਲਾਂ ਹੀ ਅਧਿਆਪਕਾਂ ਦੀ ਬਹੁਤ ਜ਼ਿਆਦਾ ਘਾਟ ਹੈ ਅਤੇ ਪਹਿਲਾਂ ਹੀ ਬਹੁਤ ਸਾਰੇ ਅਧਿਆਪਕ ਪੰਜਾਬ ਸਰਕਾਰ ਵਲੋਂ ਬੀਐੱਲਓ ਦੀ ਡਿਊਟੀ 'ਤੇ ਲਗਾਏ ਹੋਏ ਹਨ ਅਤੇ ਹੁਣ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣ ਪ੍ਰਕਿਰਿਆ ਵਿੱਚ ਡਿਊਟੀਆਂ 'ਤੇ ਲਗਾਏ ਜਾ ਰਹੇ ਹਨ। ਅਧਿਆਪਕਾਂ ਦੀਆਂ ਅਜਿਹੇ ਗੈਰ ਵਿਦਿਅਕ ਕੰਮਾਂ ਅਤੇ ਸੈਮੀਨਾਰਾਂ ਵਿੱਚ ਡਿਊਟੀਆਂ ਲਗਾਉਣ ਨਾਲ ਸਕੂਲਾਂ ਵਿੱਚ ਵਿੱਦਿਆ ਦਾ ਮਿਆਰ ਹੋਰ ਵੀ ਡਿੱਗੇਗਾ। ਉਨ੍ਹਾਂ ਮੰਗ ਕੀਤੀ ਕਿ ਅਜਿਹੇ ਅਜਿਹੇ ਗੈਰ-ਲੋੜੀਂਦੇ ਸੈਮੀਨਾਰ ਅਤੇ ਗੈਰ-ਵਿੱਦਿਅਕ ਕੰਮ ਅਧਿਆਪਕਾਂ ਕੋਲੋਂ ਨਾ ਲਏ ਜਾਣ।

ਮਾਮਲਾ ਬੁਤਾਲਾ ਤੋਂ ਸੋਰੋਂ ਰੋਡ 'ਤੇ ਟਿੱਪਰ ਰੋਕੇ ਜਾਣ ਦਾ :

ਸੱਤ ਪਿੰਡਾਂ ਦੇ ਮੋਹਤਬਰਾਂ ਡੀ ਐੱਸ ਪੀ ਨੂੰ ਹਾਲਾਤ ਬਾਰੇ ਕਰਾਇਆ ਜਾਣੂ

ਬਿਆਸ (ਪਰਮਜੀਤ ਸਿੰਘ ਰੱਖੜਾ)- ਪਿਛਲੇ ਦਿਨੀਂ ਚਰਚਿਤ ਹੋਏ ਬੁਤਾਲਾ ਤੋਂ ਸੋਰੋਂ ਲਿੰਕ ਰੋਡ 'ਤੇ ਟਿੱਪਰ ਰੋਕੇ ਜਾਣ ਦਾ ਮਾਮਲਾ ਹੋਰ ਗਰਮਾ ਗਿਆ ਹੈ।ਜਦਕਿ ਖੇਤ ਮਾਲਕ ਰਘਬੀਰ ਸਿੰਘ ਵੱਲੋਂ ਦਿੱਤੀ ਗਈ ਦਰਖਾਸਤ 'ਤੇ ਡੀਐੱਸਪੀ ਬਾਬਾ ਬਕਾਲਾ ਸਾਹਿਬ ਵੱਲੋਂ ਸੱਤ ਪਿੰਡਾਂ ਜਿਨ੍ਹਾਂ ਵਿੱਚੋਂ ਟਿੱਪਰ ਗੁਜ਼ਰਦੇ ਹਨ, ਦੇ ਮੋਹਤਬਰਾਂ ਨਾਲ ਮੀਟਿੰਗ ਕੀਤੀ ਗਈ।ਪੀੜਤ ਸੱਤ ਪਰਿਵਾਰਾਂ ਵੱਲੋਂ ਬੋਲਦੇ ਹੋਏ ਬਖਸ਼ੀ ਠਾਣੇਵਾਲ ਨੇ ਕਿਹਾ ਕਿ ਨਾ ਸਾਡੀ ਖੇਤ ਮਾਲਿਕ ਨਾਲ ਅਤੇ ਨਾ ਹੀ ਟਿੱਪਰ ਮਾਲਕਾਂ ਨਾਲ ਕੋਈ ਰੰਜਿਸ਼ਬਾਜ਼ੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਸੱਤ ਪਿੰਡਾਂ ਨਾਲ ਸਬੰਧਤ 9000 ਦੇ ਕਰੀਬ ਆਬਾਦੀ ਨੂੰ ਜੇਕਰ ਆਪਣੇ ਪਿੰਡਾਂ ਨੂੰ ਜਾਂਦੇ ਲਿੰਕ ਰੋਡ ਲਈ ਅੱਜ ਸੰਘਰਸ਼ ਕਰਨਾ ਪੈ ਰਿਹਾ ਤਾਂ ਤੁਸੀਂ ਕਿਸੇ ਮੁਲਕ ਅਤੇ ਰਾਜ ਦੀ ਤਰੱਕੀ ਦਾ ਅੰਦਾਜ਼ਾ ਲਗਾ ਸਕਦੇ ਹੋ।ਸੜਕ ਇੰਨੀ ਕੁ ਟੁੱਟ ਚੁੱਕੀ ਹੈ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਆਪਣੇ ਵਹੀਕਲ 'ਤੇ ਆਉਣਾ-ਜਾਣਾ ਬੜਾ ਮੁਸ਼ਕਿਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਾਡੇ ਪਿੰਡ ਦੇ ਸਟੇਡੀਅਮ ਵਿੱਚ ਬੱਚੇ ਸਵੇਰੇ-ਸ਼ਾਮ ਹਾਕੀ ਦੀ ਪ੍ਰੈਕਟਿਸ ਕਰਨ ਆਉਂਦੇ ਸਨ ਪਰ ਮਾਪਿਆਂ ਨੇ ਟਿੱਪਰਾਂ ਦੇ ਖ਼ੌਫ਼ ਕਾਰਣ ਬੱਚਿਆਂ ਨੂੰ ਵੀ ਹਟਾ ਲਿਆ।ਸ਼ਿਕਾਇਤ ਕਰਤਾ ਰਘਬੀਰ ਸਿੰਘ ਨੇ ਕਿਹਾ ਕਿ ਇਹ ਸੜਕ 15 ਸਾਲਾਂ ਤੋਂ ਨਹੀਂ ਬਣੀ, ਅਸੀਂ

ਮਾਈਨਿੰਗ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਰ ਰਹੇ ਹਾਂ।ਉਨ੍ਹਾਂ ਖੁਦ ਮੰਨਿਆ ਕਿ ਸੜਕ ਖਸਤਾ ਹਾਲਤ ਵਿੱਚ ਹੈ, ਪਰ ਇਸਦੇ ਹੱਲ ਲਈ ਸਬੰਧਿਤ ਅਧਿਕਾਰੀਆਂ ਨੂੰ ਮਿਲਣਾ ਜ਼ਰੂਰੀ ਨਾ ਕਿ ਟਿੱਪਰ ਰੋਕਣਾ ਜ਼ਰੂਰੀ।ਇਸ ਮੌਕੇ ਡੀਐੱਸਪੀ ਬਾਬਾ ਬਕਾਲਾ ਅਰੁਣ ਸ਼ਰਮਾ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਪੁਲਸ ਨਾਲ ਕੋਈ ਸ਼ਿਕਾਇਤ ਨਹੀਂ ਹੈ।ਉਨ੍ਹਾਂ ਕਿਹਾ ਕਿ ਜੋ ਅੱਜ 7 ਪਿੰਡਾਂ ਦੇ ਮੋਹਤਬਰ ਆਏ ਸਨ, ਨੂੰ ਇਹੋ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਨੈਸ਼ਨਲ ਹਾਈਵੇ ਅਥਾਰਟੀ ਦੇ ਪ੍ਰੋਜੈਕਟ ਮੈਨੇਜਰ ਨੂੰ ਮਿਲ ਕੇ ਮਾਮਲੇ ਬਾਰੇ ਜਾਣੂੰ ਕਰਾਉਣ।ਉਹ ਰੂਟ ਡਾਈਵਰਟ ਕਰਨ ਜਾਂ ਤੁਹਾਡਾ ਰੋਡ ਬਣਾ ਕੇ ਦੇਣ। ਬਾਕੀ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਅਸੀਂ ਹਾਜ਼ਿਰ ਹਾਂ।ਇਸ ਮੌਕੇ 'ਆਪ' ਆਗੂ ਅਮਰਜੀਤ ਕਾਲੇਕੇ, ਵਾਰਿਸ ਪੰਜਾਬ ਜਥੇਬੰਦੀ ਦੇ ਹਲਕਾ ਇੰਚਾਰਜ ਸਰਬਜੀਤ ਸਿੰਘ ਖਾਨਪੁਰ, ਦਵਿੰਦਰ ਸਿੰਘ ਮੱਲ੍ਹੀ, ਕਿਸਾਨ ਆਗੂ ਨਿਰਮਲ ਸਿੰਘ ਖਾਨਪੁਰ, ਪਰਮਜੀਤ ਸਿੰਘ, ਬਲਸ਼ਰਨਜੀਤ ਸਿੰਘ, ਜਸਵੰਤ ਕੈਨੇਡਾ, ਗੋਪੀ ਬਾਠ, ਸੋਨੂੰ ਆਧੀ, ਨੀਤ ਖਾਨਪੁਰ ਅਤੇ ਵੱਡੀ ਗਿਣਤੀ ਵਿੱਚ ਮੋਹਤਬਰ ਮੌਜੂਦ ਸਨ।

ਸੇਵਾ-ਮੁਕਤੀ 'ਤੇ ਵਿਸ਼ੇਸ਼

ਜਲੰਧਰ ਦੂਰਦਰਸ਼ਨ ਤੇ ਸਮਾਜਿਕ ਸੇਵਾਵਾਂ ਦੀ ਬਹੁ-ਗੁਣੀ ਸ਼ਖਸੀਅਤ : ਇੰਜ. ਨਰਿੰਦਰ ਬੰਗਾ

ਕੋਈ ਵੀ ਇਨਸਾਨ ਆਪਣੀ ਯੋਗਤਾ ਜਾਂ ਨੌਕਰੀ ਕਰਕੇ ਵੱਡਾ ਨਹੀਂ ਹੁੰਦਾ ਸਗੋਂ ਜਿਸ ਵਿਅਕਤੀ ਨੂੰ ਸਮਾਜ ਪ੍ਰਵਾਨ ਕਰੇ, ਮੁਹੱਬਤ ਕਰੇ ਉਹੀ ਆਮ ਤੋਂ ਖਾਸ ਮਨੁੱਖ ਹੁੰਦਾ ਹੈ।ਇੰਜ. ਨਰਿੰਦਰ ਬੰਗਾ ਦੇ ਮਾਮਲੇ 'ਚ ਵੀ ਅਜਿਹਾ ਹੀ ਕਿਹਾ ਜਾ ਸਕਦਾ ਹੈ। ਜਿਨ੍ਹਾਂ ਲੋਕਾਂ ਦਾ ਸਿੱਧੇ ਜਾਂ ਅਸਿੱਧੇ ਰੂਪ ਚ ਕਦੇ ਦੂਰਦਰਸ਼ਨ ਨਾਲ ਵਾਹ-ਵਾਸਤਾ ਰਿਹਾ ਹੋਵੇਗਾ ਉਹ ਨਰਿੰਦਰ ਬੰਗਾ ਨੂੰ ਜਾਣਦੇ ਹੀ ਨਹੀਂ ਸਗੋਂ ਦੋਵੇਂ ਬਾਹਾਂ ਖੋਲ੍ਹ ਕੇ ਉਸਨੂੰ ਪਿਆਰ ਵੀ ਕਰਦੇ ਨੇ।ਵੱਡੇ-ਵੱਡੇ ਕਲਾਕਾਰ, ਗਵੱਈਏ, ਸੰਗੀਤਕਾਰ, ਪ੍ਰਸ਼ਾਸਨਿਕ ਤੇ ਰਾਜਨੀਤਿਕ ਲੋਕ ਨਰਿੰਦਰ ਬੰਗਾ ਦੀ ਗੂੜ੍ਹੀ ਮੁਹੱਬਤ 'ਚ ਸ਼ਾਮਲ ਹਨ।ਆਪਣੀ 60 ਸਾਲਾਂ ਦੀ ਸਰਕਾਰੀ ਫਰੇਮ ਵਾਲੀ ਨੌਕਰੀ ਮੁਕੰਮਲ ਕਰਕੇ ਉਹ ਅੱਜ 30 ਨਵੰਬਰ ਨੂੰ ਸੇਵਾ ਮੁਕਤ ਹੋ ਰਿਹਾ।1988 ਵਿੱਚ ਉਹ ਬਤੌਰ ਇੰਜੀਨੀਅਰਿੰਗ ਅਸਿਸਟੈਂਟ ਬਰਾਡਕਾਸਟਿੰਗ ਮਨਿਸਟਰੀ ਵਿੱਚ ਭਰਤੀ ਹੋਇਆ ਜੋ ਹੁਣ ਪ੍ਰਸਾਰ ਭਾਰਤੀ ਦੇ ਨਾਂ ਹੇਠ ਹੈ। ਫਿਰ ਸੀਨੀਅਰ ਇੰਜੀਨੀਅਰਿੰਗ ਅਸਿਸਟੈਂਟ ਬਣਿਆ ਤੇ ਹੁਣ ਬਤੌਰ ਐਸਿਸਟੈਂਟ ਇੰਜੀਨੀਅਰ ਉਰਫ਼ ਟੈਕਨੀਕਲ ਡਾਇਰੈਕਟਰ ਵਜੋਂ ਦੂਰਦਰਸ਼ਨ ਜਲੰਧਰ ਤੋਂ ਸੇਵਾ ਮੁਕਤ ਹੋਇਆ। ਗੱਲ ਸਿਰਫ਼ ਉਹਦੀ ਨੌਕਰੀ ਦੀ ਨਹੀਂ ਹੈ, ਦੂਰਦਰਸ਼ਨ ਨਾਲ ਜੁੜੇ ਲੋਕਾਂ ਦੀ ਨਹੀਂ ਹੈ ਬਲਕਿ ਜਿਸ ਸਮਾਜਿਕ ਕਿਰਦਾਰ ਕਰਕੇ ਨਰਿੰਦਰ ਬੰਗਾ ਨੂੰ ਜਾਣਿਆ ਜਾਂਦਾ ਹੈ ਉਹਦੇ ਬਾਰੇ ਚਾਰ ਗੱਲਾਂ ਕਰਨੀਆਂ ਵੀ ਬਹੁਤ ਜ਼ਰੂਰੀ ਨੇ।ਅੱਖਾਂ ਦੇ ਕੈਂਪ ਲਾਉਣੇ, ਖੂਨਦਾਨ ਕਰਨਾ ਤੇ ਕਰਾਉਣਾ, ਵਿਕਲਾਂਗ ਲੋਕਾਂ ਲਈ ਡਾਕਟਰੀ ਸਹਾਇਤਾ, ਸਾਈਕਲ ਪ੍ਰਦਾਨ ਕਰਨੇ, ਪਿੰਡਾਂ ਦੀ ਸਫ਼ਾਈ ਲਈ ਐੱਨਐੱਸਐੱਸ ਕੈਂਪ ਲਾਉਣੇ, ਸਿਹਤ ਕੈਂਪ, ਵਿਕਾਸ ਕੈਂਪ ਤੇ ਕਲੱਬਾਂ ਰਾਹੀਂ ਬੱਚਿਆਂ ਨੂੰ ਐਜੂਕੇਸ਼ਨ ਟਰਿਪ 'ਤੇ ਲਿਜਾਣਾ, ਅੰਗ ਦਾਨ ਕੈਂਪ, ਵਣ ਮਹਾਂਉਤਸਵ, ਨਸ਼ਾ ਛੁਡਾਊ ਕੈਂਪ ਤੇ ਰੈਲੀਆਂ ਅਤੇ ਨਸ਼ਿਆਂ ਪ੍ਰਤੀ ਜਾਗਰੂਕਤਾ ਲਈ ਪੁਲਸ ਪਬਲਿਕ ਮੀਟਿੰਗਾਂ, ਵੱਖ-ਵੱਖ ਵਿਸ਼ਿਆਂ 'ਤੇ ਕੈਂਪ ਅਤੇ ਸੈਮੀਨਾਰ

ਕਰਵਾਉਣੇ ਨਰਿੰਦਰ ਬੰਗਾ ਦੀ ਮੁੱਢਲੀ ਤੇ ਸਫ਼ਲ ਫ਼ਿਤਰਤ ਦਾ ਹਿੱਸਾ ਰਿਹਾ ਹੈ।ਕਰੀਬ ਸਾਢੇ ਤਿੰਨ ਦਹਾਕਿਆਂ ਤੋਂ ਨੂਰਪੁਰ 'ਚ ਚੱਲ ਰਿਹਾ ਸਰਦਾਰ ਮੁਹੰਮਦ-ਗੁਲਜ਼ਾਰ ਮੁਹੰਮਦ ਸਾਲਾਨਾ ਮੇਲਾ ਬੰਗੇ ਦੇ ਨਾਲ-ਨਾਲ ਵੀ ਤੁਰਿਆ ਰਿਹਾ ਹੈ।ਇੰਨੀ ਕੁ ਉਮਰ 'ਚ ਉਹ ਕਿਵੇਂ ਸਫ਼ਲਤਾ ਨਾਲ ਰੰਗ ਭਰਦਾ ਹੈ, ਸ਼ਾਇਦ ਇਹੀ ਸਮਝਣਾ ਨਰਿੰਦਰ ਬੰਗਾ ਦੀ ਜ਼ਿੰਦਗੀ ਤੋਂ ਕੁਝ ਸਿੱਖਣ ਦਾ ਮਿਸ਼ਨ ਬਣ ਸਕਦਾ ਹੈ।ਬੰਗਾ ਲਾਗਲੇ ਪਿੰਡ ਖਾਨਪੁਰ 'ਚ ਉਹ ਮਰਹੂਮ ਪਿਤਾ ਪ੍ਰਕਾਸ਼ ਚੰਦ ਤੇ ਮਾਤਾ ਪ੍ਰਕਾਸ਼ ਕੌਰ ਦੇ ਘਰ ਪੈਦਾ ਹੋਇਆ ਤੇ ਉਹਦਾ ਪੁੱਤਰ ਜਗਦੀਸ਼ ਬੰਗਾ ਇਸ ਵੇਲੇ ਇੰਗਲੈਂਡ 'ਚ ਸਰਕਾਰੀ ਨੌਕਰੀ ਕਰ ਰਿਹਾ

30-NOV-PAGE-4.qxd 11/29/2025 10:44 PM Page 1

ਸਰਬੱਤ ਦਾ ਭਲਾ ਟਰੱਸਟ ਨੇ ਟ੍ਰੈਫਿਕ ਪੁਲਸ ਦੀ ਮਦਦ ਨਾਲ ਰਿਫਲੈਕਟਰ ਲਗਾਏ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਰਸੇਮ ਸਿੰਘ ਟ੍ਰੈਫਿਕ ਇੰਚਾਰਜ ਸ੍ਰੀ ਮੁਕਤਸਰ ਸਾਹਿਬ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਬਠਿੰਡਾ ਰੋਡ ਚੌਕ ਵਿੱਚ ਵੱਡੀ ਗਿਣਤੀ 'ਚ ਰਿਫਲੈਕਟਰ ਲਗਾਏ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਅਕਸਰ ਹੀ ਧੁੰਦ ਦੇ ਮੌਸਮ ਵਿੱਚ ਨਾ ਦਿਸਣ ਕਾਰਨ ਪਿੱਛੋਂ ਵ੍ਹੀਕਲ ਆਪਸ ਵਿੱਚ ਟਕਰਾ ਜਾਂਦੇ ਹਨ ਤੇ ਕੀਮਤੀ ਜਾਨਾਂ ਤੋਂ ਲੋਕ ਹੱਥ ਧੋ ਬੈਠਦੇ ਹਨ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਵੀ ਜ਼ਿਲ੍ਹਾ ਟ੍ਰੈਫਿਕ ਪੁਲਸ ਦੀ ਮਦਦ ਨਾਲ ਰਿਫਲੈਕਟਰ ਲਗਾਏ ਜਾਣਗੇ।ਤਰਸੇਮ ਸਿੰਘ ਟ੍ਰੈਫਿਕ ਇੰਚਾਰਜ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਤੇ ਆਮ ਪਬਲਿਕ ਨੂੰ ਵੱਧ ਤੋਂ ਵੱਧ ਵਹੀਕਲਾਂ 'ਤੇ ਰਿਫਲੈਕਟਰ ਲਗਾਉਣ ਲਈ ਪ੍ਰੇਰਿਤ ਕੀਤਾ।ਇਜ ਮੌਕੇ ਜਸਬੀਰ ਸਿੰਘ ਤੇ ਸ੍ਰੀਮਤੀ ਪ੍ਰਕਾਸ਼ ਕੌਰ ਨੌਸ਼ਹਿਰਾਂ ਪੰਨੂਆਂ ਤੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ, ਗੁਰਪਾਲ ਸਿੰਘ ਪਾਲੀ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ. ਏ ਐੱਸ ਆਈ ਸਮੇਤ ਟ੍ਰੈਫਿਕ ਪੁਲਸ ਦੇ ਮੁਲਾਜ਼ਮ ਹਾਜ਼ਰ ਸਨ।

ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਕਲੇਰ ਵੱਲੋਂ ਮਾਣੂੰਕੇ ਜ਼ੋਨ ਇਲਾਕੇ ਦੇ ਆਗੂਆਂ ਨਾਲ ਮੀਟਿੰਗ

ਜਗਰਾਉਂ/ਹਠੂਰ (ਸੰਜੀਵ ਅਰੋੜਾ, ਅਮਿਤ ਖੰਨਾ/ਨਛੱਤਰ ਸੰਧੂ)-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਸਾਰੀਆਂ ਹੀ ਰਾਜਨੀਤਕ ਧਿਰਾਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਦੇ ਚਲਦਿਆਂ ਹਲਕਾ ਜਗਰਾਉਂ ਦੇ ਸਾਬਕਾ ਵਿਧਾਇਕ ਤੇ ਕੋਰ ਕਮੇਟੀ ਮੈਂਬਰ ਐੱਸ. ਆਰ. ਕਲੇਰ ਨੇ ਮਾਣੂੰਕੇ ਜ਼ੋਨ ਇਲਾਕੇ ਦੇ ਆਗੂਆਂ ਨਾਲ ਮੀਟਿੰਗ ਕਰਕੇ ਇਨ੍ਹਾਂ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਨ ਲਈ ਤਕੜੇ ਹੋਣ ਦਾ ਸੱਦਾ ਦਿੱਤਾ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਰਣਨੀਤੀ ਉਲੀਕੀ ਗਈ। ਇਤਿਹਾਸਕ ਗੁਰਦੁਆਰਾ ਜੋੜੀਆਂ ਸਾਹਿਬ ਵਿਖੇ ਪਾਰਟੀ ਵਰਕਰਾਂ ਦੀ ਹੋਈ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਉਚੇਚੇ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਦੌਰਾਨ ਤਰਨਤਾਰਨ ਜ਼ਿਮਨੀ ਚੋਣ ਦੇ ਪ੍ਰਭਾਵੀਂ ਨਤੀਜਿਆਂ ਨੂੰ ਲੈ ਕੇ ਅਕਾਲੀ ਵਰਕਰਾਂ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਚੰਦ ਸਿੰਘ ਡੱਲਾ ਨੇ ਆਖਿਆ ਕਿ ਪੰਜਾਬ ਦੇ ਲੋਕ ਸੱਤਾਧਾਰੀ ਧਿਰ ਦੀ ਦਾਮ, ਦੰਡ, ਭੇਦ ਰਣਨੀਤੀ ਤੋਂ ਵਾਕੁਫ਼ ਹੋ ਚੁੱਕੇ ਹਨ ਤੇ ਲੋਕ ਹੁਣ ਪੰਜਾਬ ਪੱਖੀ ਪਾਰਟੀ ਅਕਾਲੀ ਦਲ ਦੇ ਹੱਕ 'ਚ ਫਤਵਾ ਦੇਣਗੇ। ਇਸ ਮੌਕੇ ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰਾ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਐੱਸ. ਸੀ. ਵਿੰਗ ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਪ੍ਰਧਾਨ ਸਤਨਾਮ ਸਿੰਘ ਬੱਸੂਵਾਲ, ਸਾਬਕਾ ਸਰਪੰਚ ਬੂਟਾ ਸਿੰਘ ਬੁਰਜ ਕੁਲਾਰਾਂ, ਸਾਬਕਾ ਸਰਪੰਚ ਨਿਰਮਲ ਸਿੰਘ ਬੁਰਜ ਕੁਲਾਰਾਂ, ਡਾਇਰੈਕਟਰ ਬਲਜੀਤ ਸਿੰਘ ਹਠੂਰ, ਪਰਮਿੰਦਰ ਸਿੰਘ ਕੰਬੋ ਹਠੂਰ, ਰੂਪ ਸਿੰਘ ਬਾਠ ਚਕਰ, ਪੰਚ ਜਸਵਿੰਦਰ ਸਿੰਘ ਲੱਖਾ, ਸਾਬਕਾ ਸਰਪੰਚ ਪਰਮਜੀਤ ਸਿੰਘ ਲੱਖਾ, ਹਰਦੀਪ ਸਿੰਘ ਮਾਣੂੰਕੇ ਯੂਥ ਆਗੂ, ਗੁਰਪ੍ਰੀਤ ਸਿੰਘ ਬੁਰਜ ਕੁਲਾਰਾ ਤੇ ਇਲਾਵਾ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਹਾਜ਼ਰ ਸਨ।

ਸਾਹਿਤਕਾਰਾਂ ਵੱਲੋਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ 'ਤੇ ਚਰਚਾ

ਮਾਲੇਰਕੋਟਲਾ (ਅਸਗਰ ਪਰਿਹਾਰ)-ਇੱਥੇ ਪੰਜਾਬੀ ਦੇ ਪ੍ਰਸਿੱਧ ਵਾਰਤਾਕਾਰ ਤੇ ਕਾਲਮ ਨਿਗਾਰ ਮੁਹੰਮਦ ਅੱਬਾਸ ਧਾਲੀਵਾਲ ਦੇ ਗ੍ਰਹਿ ਨਿਵਾਸ ਵਿਖੇ ਉਸਤਾਦ ਸ਼ਾਇਰ ਜਨਾਬ ਅਨਵਾਰ ਆਜ਼ਰ ਸਾਹਿਬ ਤੇ ਮਾਸਟਰ ਮਿਰਜ਼ਾ ਸਾਹਿਬ ਤਸ਼ਰੀਫ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ।ਇਸ ਮੌਕੇ ਇਨ੍ਹਾਂ ਤਿੰਨਾਂ ਵਿਚਕਾਰ ਸਾਹਿਤ ਦੀਆਂ ਅਲੱਗ ਅਲੱਗ ਵਿਧਾਵਾਂ ਜਿਵੇਂ ਕਿ ਗ਼ਜ਼ਲ, ਆਜ਼ਾਦ ਕਵਿਤਾ ਤੇ ਵਾਰਤਕ ਲੇਖਾਂ ਦੇ ਨਾਲ ਨਾਲ ਅੱਬਾਸ ਧਾਲੀਵਾਲ ਦੇ ਵਿਅੰਗਾਤਮਕ ਲੇਖਾਂ 'ਤੇ ਭਰਪੂਰ ਚਰਚਾ ਹੋਈ।ਇਸ ਮੌਕੇ ਆਜ਼ਰ ਸਾਹਿਬ ਨੇ ਜਿੱਥੇ ਅੱਬਾਸ ਧਾਲੀਵਾਲ ਦੀਆਂ ਵੱਖ ਵੱਖ ਰਚਨਾਵਾਂ ਤੇ ਲਿਖਤਾਂ ਦੀ ਸ਼ਲਾਘਾ ਕੀਤੀ, ਉੱਥੇ ਹੀ ਉਨ੍ਹਾਂ ਨੇ ਧਾਲੀਵਾਲ ਦੀਆਂ ਕਈ ਰਚਨਾਵਾਂ 'ਤੇ ਤਨਕੀਦੀ ਰੂਪ 'ਚ ਸਾਕਾਰਾਤਮਕ ਟਿੱਕਾ ਟਿੱਪਣੀਆਂ ਵੀ ਕੀਤੀਆਂ।ਇਸ ਮੌਕੇ ਅੱਬਾਸ ਧਾਲੀਵਾਲ ਹੁਰਾਂ ਦੁਆਰਾ ਆਪਣੀ ਪਲੇਠੀ ਕਿਤਾਬ ਕਿਤਾਬ ਗੁਲਿਸਤਾਨ-ਏ-ਅੱਬਾਸ ਦੀਆਂ ਕਾਪੀਆਂ ਦੋਵੇਂ ਮਹਿਮਾਨਾਂ ਅਨਵਾਰ ਆਜ਼ਰ ਤੇ ਮਿਰਜ਼ਾ ਸਾਹਿਬ ਨੂੰ ਭੇਟ ਕੀਤੀਆਂ ਗਈਆਂ।

ਗੁਰਿੰਦਰ ਸਿੰਘ ਬੱਲ ਡੀ ਐੱਸ ਪੀ ਨਾਭਾ ਨਿਯੁਕਤ

ਨਾਭਾ (ਵਰਿੰਦਰ ਵਰਮਾ)-ਹਲਕੇ ਨਾਭੇ 'ਚ ਅਮਨ ਸ਼ਾਂਤੀ ਤੇ ਕਾਨੂੰਨ ਵਿਵਸਥਾ ਦੀ ਬਹਾਲੀ ਮੇਰਾ ਮੁੱਖ ਟੀਚਾ ਹੋਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਬ ਡਵੀਜ਼ਨ ਨਾਭਾ ਦੇ ਨਵ-ਨਿਯੁਕਤ ਡੀਐੱਸਪੀ ਗੁਰਿੰਦਰ ਸਿੰਘ ਬੱਲ ਨੇ 'ਚੋਣਵੇਂ ਪੱਤਰਕਾਰਾਂ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਐੱਸ ਐੱਸ ਪੀ ਪਟਿਆਲਾ ਡਾਕਟਰ ਵਰੁਣ ਸ਼ਰਮਾ ਤੇ ਐੱਸ ਪੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ 'ਚ ਸਮਾਜ ਵਿਰੋਧੀ ਅਨਸਰਾਂ, ਨਸ਼ਾ ਸਮਗਲਰਾਂ ਤੇ ਗੈਂਗਸਟਰਾਂ ਖਿਲਾਫ ਸਖਤ ਤੋਂ ਸਖਤ ਰੁੱਖ ਅਪਣਾਇਆ ਜਾਵੇਗਾ।ਨਵ ਨਿਯੁਕਤ ਡੀ ਐੱਸ ਪੀ ਗੁਰਿੰਦਰ ਸਿੰਘ ਬਲ ਨੇ ਕਿਹਾ ਕਿ ਨਾਭਾ ਹਲਕੇ 'ਚ ਨਸ਼ੇ ਵਾਲੀਆਂ ਦਵਾਈਆਂ ਜਾਂ ਸਿੰਥੈਟਿਕ ਨਸ਼ਾ ਵੇਚਣ ਦਾ ਧੰਦਾ ਕਰਨ ਵਾਲੇ ਦਵਾਈ ਵਿਕਰੇਤਾ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਗੋਰਖ ਧੰਦਾ ਬੰਦ ਕਰ ਲੈਣ।ਉਨ੍ਹਾਂ ਦੱਸਿਆ ਕਿ ਜਲਦ ਹੀ ਇਲਾਕੇ ਦੇ ਮੋਹਤਵਰਾਂ ਨਾਲ ਮੀਟਿੰਗ ਕਰਕੇ ਨਾਭਾ ਪੁਲਸ ਵੱਲੋਂ ਜਾਰੀ ਹੁਕਮਾਂ ਹਦਾਇਤਾਂ ਤੋਂ ਜਾਣੂ ਕਰਵਾਇਆ ਜਾਵੇਗਾ।ਡੀਐੱਸਪੀ ਨਾਭਾ ਗੁਰਿੰਦਰ ਸਿੰਘ ਬੱਲ ਦੀ ਨਿਯੁਕਤੀ 'ਤੇ ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਕਪਿਲ ਮਾਨ, ਯੂਥ ਡਿਵੈਲਪਮੈਂਟ ਬੋਰਡ ਡਾਇਰੈਕਟਰ ਤਜਿੰਦਰ ਸਿੰਘ ਖਹਿਰਾ, ਟਰੱਕ ਯੂਨੀਅਨ ਪ੍ਰਧਾਨ ਮਨਪ੍ਰੀਤ ਸਿੰਘ ਧਾਰੋਕੀ, ਧਰਮਿੰਦਰ ਸਿੰਘ ਸੁੱਖੇਵਾਲ, ਭੁਪਿੰਦਰ ਸਿੰਘ ਕਲਰਮਾਜਰੀ, ਜਸਵੀਰ ਸਿੰਘ ਵਜੀਦਪੁਰ, ਯਾਦਵਿੰਦਰ ਸਿੰਘ ਯਾਦੂ ਇਲਾਕੇ ਦੇ ਸਰਪੰਚਾਂ ਸ਼ਹਿਰ ਦੇ ਕੌਂਸਲਰਾਂ ਸਮੇਤ ਮੋਹਤਵਰ ਵਿਅਕਤੀਆਂ ਵੱਲੋਂ ਸਵਾਗਤ ਕੀਤਾ ਗਿਆ।

ਅਕਾਲੀ ਦਲ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਧੜੱਲੇ ਨਾਲ ਲੜੇਗਾ : ਰੰਧਾਵਾ, ਕਾਤਰੋਂ

ਹਲਕਾ ਪੱਧਰੀ ਦਫ਼ਤਰ ਸ਼ਹਿਰ 'ਚ ਜਲਦੀ ਖੋਲਣ ਦਾ ਫ਼ੈਸਲਾ

ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)-ਹਾਲ ਹੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਨਿਯੁਕਤ ਕੀਤੇ ਗਏ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਸ਼ਹਿਰ 'ਚ ਵੱਖ ਵੱਖ ਥਾਵਾਂ 'ਤੇ ਲੋਕ ਮਿਲਣੀਆਂ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਧੜੱਲੇ ਨਾਲ ਲੜੇਗਾ ਅਤੇ ਪਾਰਟੀ ਦੇ ਉਮੀਦਵਾਰ ਵੱਡੇ ਪੱਧਰ 'ਤੇ ਜਿੱਤ ਪ੍ਰਾਪਤ ਕਰਨਗੇ।ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਅੱਜ ਦੇ ਸਿਆਸੀ ਹਾਲਾਤ ਮੰਗ ਕਰਦੇ ਹਨ ਕਿ ਪੰਜਾਬ ਦੇ ਹਿੱਤਾਂ ਤੇ ਹੱਕਾਂ ਦੀ ਰਖਵਾਲੀ ਲਈ ਅਕਾਲੀ ਦਲ ਹੀ ਸਭ ਤੋਂ ਬਿਹਤਰ ਸਿਆਸੀ ਧਿਰ ਹੈ।ਉਨ੍ਹਾ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਿੱਥੇ ਅਕਾਲੀ ਦਲ ਨੇ ਪਿਛਲੇ ਸਮੇਂ 'ਚ ਪੰਜਾਬ ਤੇ ਪੰਜਾਬੀਅਤ ਲਈ ਲੰਮਾਂ ਸੰਘਰਸ਼ ਲੜਿਆ, ਉਥੇ ਸਮੇਂ ਸਮੇਂ ਦੀਆਂ ਅਕਾਲੀ ਸਰਕਾਰਾਂ ਨੇ ਪੰਜਾਬ ਦਾ ਸਰਵਪੱਖੀ ਵਿਕਾਸ ਕਰਵਾਇਆ।ਉਨ੍ਹਾਂ ਕਿਹਾ ਕਿ ਹਲਕੇ 'ਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਉਹ ਜਲਦੀ ਹੀ ਸ਼ਹਿਰ ਅੰਦਰ ਆਪਣਾ ਦਫ਼ਤਰ ਖੋਲ੍ਹਣਗੇ, ਜਿੱਥੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਇਆ ਕਰਨਗੀਆਂ। ਇਸ ਮੌਕੇ ਯੂਥ ਅਕਾਲੀ ਦਲ ਦੇ ਆਗੂ ਰਵੀ ਈਸੜਾ ਵੀ ਉਨ੍ਹਾਂ ਨਾਲ ਹਾਜ਼ਰ ਸਨ।

ਦੇਸ਼ ਭਗਤ ਗਲੋਬਲ ਸਕੂਲ ਦਾ ਸਾਲਾਨਾ ਸਮਾਗਮ 'ਵਿੰਗਜ਼' ਸ਼ਾਨੋ-ਸ਼ੌਕਤ ਨਾਲ ਸੰਪੰਨ

ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਗਲੋਬਲ ਸਕੂਲ ਵੱਲੋਂ 'ਵਿੰਗਜ਼- ਜਿੱਥੇ ਸੁਪਨੇ ਉਡਾਣ ਭਰਦੇ ਹਨ' ਥੀਮ 'ਤੇ ਅਧਾਰਤ ਆਪਣਾ ਸਾਲਾਨਾ ਸਮਾਗਮ ਬੜੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਦੌਰਾਨ ਪ੍ਰਦਰਸ਼ਨਾਂ ਦੀ ਇੱਕ ਲੜੀ ਰਾਹੀਂ ਰਚਨਾਤਮਕਤਾ, ਇੱਛਾਵਾਂ ਤੇ ਸੱਭਿਆਚਾਰਕ ਜੀਵੰਤਤਾ ਦੀ ਭਾਵਨਾ ਨੂੰ ਸੁੰਦਰਤਾ ਨਾਲ ਦਰਸਾਇਆ ਗਿਆ। ਇਸ ਪ੍ਰੋਗਰਾਮ ਵਿੱਚ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਚੇਅਰਮੈਨ ਡਾ. ਜ਼ੋਰਾ ਸਿੰਘ, ਜਨਰਲ ਸਕੱਤਰ ਡਾ. ਤਜਿੰਦਰ ਕੌਰ ਤੇ ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਸੁਰਿੰਦਰ ਕੌਰ ਬੇਦੀ ਨੇ ਵੀ ਆਪਣੀ ਹਾਜ਼ਰੀ ਨਾਲ ਇਸ ਸਮਾਗਮ ਦਾ ਮਾਣ ਵਧਾਇਆ।ਵਿਦਿਆਰਥੀਆਂ ਨੇ ਦਰਸ਼ਕਾਂ ਨੂੰ ਕਈ ਤਰ੍ਹਾਂ ਦੇ ਪੱਛਮੀ ਅਤੇ ਲੋਕ ਨਾਚਾਂ ਨਾਲ ਪ੍ਰਭਾਵਿਤ ਕੀਤਾ, ਜਿਨ੍ਹਾਂ ਵਿੱਚ ਅਰਬੀ, ਸਾਲਸਾ, ਬਿਹੂ, ਕਠਪੁਤਲੀ, ਗਰਬਾ, ਡਾਂਡੀਆ, ਬੈਲੇ, ਗਿੱਧਾ ਅਤੇ ਭੰਗੜਾ ਸ਼ਾਮਲ ਸਨ।ਇੱਕ ਭਾਵਪੂਰਨ ਦੇਸ਼ ਭਗਤੀ ਗੀਤ, ਪਾਣੀ ਦੀ ਸੰਭਾਲ 'ਤੇ ਇੱਕ ਸੋਚ-ਉਕਸਾਉਣ ਵਾਲਾ ਮਾਈਮ ਅਤੇ ਮਨਮੋਹਕ ਕੱਵਾਲੀ ਤੇ ਆਰਕੈਸਟਰਾ ਪ੍ਰਦਰਸ਼ਨ ਸ਼ਾਮ ਦੇ ਮੁੱਖ ਆਕਰਸ਼ਣਾਂ ਵਜੋਂ ਉੱਭਰ ਕੇ ਸਾਹਮਣੇ ਆਏ।ਇੱਕ ਸ਼ਕਤੀਸ਼ਾਲੀ ਨਾਚ ਨਾਟਕ ਨੇ ਜਸ਼ਨ ਨੂੰ ਹੋਰ ਵੀ ਸੁਹਜ ਦਿੱਤਾ।ਇਸ ਮੌਕੇ ਇਨਾਮ ਵੰਡ ਸਮਾਰੋਹ ਵਿੱਚ ਅਕਾਦਮਿਕ ਤੇ ਖੇਡਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਦੌਰਾਨ ਦੇਸ਼ ਭਗਤ ਗਲੋਬਲ ਸਕੂਲ ਦੇ ਚੇਅਰਮੈਨ ਡਾ. ਜ਼ੋਰਾ ਸਿੰਘ ਤੇ ਜਨਰਲ ਸਕੱਤਰ ਡਾ. ਤਜਿੰਦਰ ਕੌਰ ਨੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਤੇ ਪ੍ਰਿੰਸੀਪਲ ਸ੍ਰੀਮਤੀ ਇੰਦੂ ਸ਼ਰਮਾ ਦੀ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਉਨ੍ਹਾਂ ਦੀ ਅਗਵਾਈ ਲਈ ਸ਼ਲਾਘਾ ਕੀਤੀ।

ਪੀ ਆਰ ਟੀ ਸੀ ਮੁਲਾਜ਼ਮਾਂ ਵੱਲੋਂ ਟੈਂਕੀ 'ਤੇ ਚੜ੍ਹ ਕੇ ਰੋਸ ਪ੍ਰਦਰਸ਼ਨ

ਬੁਢਲਾਡਾ (ਅਸ਼ੋਕ ਲਾਕੜਾ)
ਪੀਆਰਟੀਸੀ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਕਿਲੋਮੀਟਰ ਦੇ ਟੈਂਡਰਾਂ ਖੋਲ੍ਹਣ ਨੂੰ ਲੈ ਕੇ ਪੈਟਰੋਲ ਦੀਆਂ ਬੋਤਲਾਂ ਪਾਣੀ ਦੀ ਟੈਂਕੀ ਉੱਤੇ ਲਿਜਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀਆਰਟੀਸੀ ਮੁਲਾਜ਼ਮਾਂ ਨੇ ਦੱਸਿਆ ਕਿ ਇਹ ਧਰਨਾ ਪੰਜਾਬ ਸਰਕਾਰ ਦੇ ਕਿਲੋਮੀਟਰਾਂ ਦੇ ਟੈਂਡਰ ਖੋਲ੍ਹਣ ਨੂੰ ਲੈ ਕੇ ਲਾਇਆ ਗਿਆ ਹੈ।ਸਰਕਾਰ ਵਾਰ-ਵਾਰ ਕਿਲੋਮੀਟਰਾਂ ਗੱਡੀਆਂ ਦੇ ਟੈਂਡਰ ਕੱਢ ਰਹੀ ਹੈ।ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਸਰਕਾਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕਰਦੀ ਹੈ, ਜਿਸ ਕਰਕੇ ਸਾਡੇ ਪੀਆਰਟੀਸੀ ਬੱਸ ਮੁਲਾਜ਼ਮਾਂ ਵੱਲੋਂ ਸ਼ਾਂਤਮਈ ਧਰਨਾ ਦਿੱਤਾ ਜਾ ਰਿਹਾ ਹੈ ਤੇ ਅੱਧੇ ਮੁਲਾਜ਼ਮ ਟੈਂਕੀ ਉੱਤੇ ਚੜ੍ਹ ਕੇ ਇਸ ਦਾ ਵਿਰੋਧ ਕਰ ਰਹੇ ਹਨ, ਪ੍ਰੰਤੂ ਜੋ ਸਾਡੇ ਸਾਥੀ ਟੈਂਕੀ ਉੱਪਰ ਚੜ੍ਹੇ ਹਨ, ਸਾਡੇ ਜ਼ਿਲ੍ਹਾ ਪ੍ਰਧਾਨ, ਸੂਬਾ ਪ੍ਰਧਾਨ ਤੇ ਸਾਥੀਆਂ ਨੂੰ ਪੁਲਸ ਗ੍ਰਿਫ਼ਤਾਰ ਕਰਕੇ ਲੈ ਗਈ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਤੁਰੰਤ ਛੱਡਿਆ ਜਾਵੇ, ਕਿਲੋਮੀਟਰ ਬੱਸਾਂ ਦੇ ਟੈਂਡਰਾਂ ਨੂੰ ਰੱਦ ਕੀਤਾ ਜਾਵੇ ਤੇ ਮਹਿਕਮੇ ਦੀਆਂ ਗੱਡੀਆਂ ਪਾਈਆਂ ਜਾਣ।ਉਨ੍ਹਾਂ ਕਿਹਾ ਕਿ ਜੋ ਕਿਲੋਮੀਟਰ ਗੱਡੀਆ

30-NOV-PAGE-5.qxd 11/29/2025 10:43 PM Page 1

ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਨੇ ਕੀਤਾ ਰੋਸ ਮੁਜ਼ਾਹਰਾ, 50 ਜਣੇ ਫੜੇ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਸਰਕਾਰ ਵੱਲੋਂ ਕਿਲੋਮੀਟਰ-ਸਕੀਮ ਬੱਸਾਂ ਲਈ ਕੀਤੇ ਗਏ ਟੈਂਡਰ ਦੇ ਵਿਰੋਧ ਵਿੱਚ ਅਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਦੇ ਸੂਬਾਈ ਪ੍ਰਧਾਨ ਤੇ ਹੋਰ ਵਰਕਰਾਂ ਨੂੰ ਸਵੇਰੇ ਪੁਲਸ ਨੇ ਸੂਬੇ ਭਰ ਵਿੱਚ ਹਿਰਾਸਤ ਵਿੱਚ ਲਿਆ ਸੀ।ਇਸ ਦੇ ਰੋਸ ਵਜੋਂ ਕੱਚੇ ਵਰਕਰਾਂ ਨੇ ਬੱਸ ਸਟੈਂਡ ਦੇ ਬਾਹਰ ਪੈਟਰੋਲ ਦੀਆਂ ਬੋਤਲਾਂ ਲੈ ਕੇ ਰੋਸ ਮੁਜ਼ਾਹਰਾ ਕੀਤਾ।ਸਵੇਰੇ 8 ਵਜੇ ਤੋਂ ਚੱਲ ਰਿਹਾ ਇਹ ਰੋਸ ਮੁਜ਼ਾਹਰਾ ਸਵੇਰੇ 11 ਵਜੇ ਉਦੋਂ ਹੋਰ ਤੇਜ਼ ਹੋ ਗਿਆ, ਜਦੋਂ ਪੁਲਸ ਨੇ ਪੀਆਰਟੀਸੀ ਕੰਟਰੈਕਟ ਵਰਕਰਾਂ ਦੇ ਵਿਰੋਧ ਨੂੰ ਜ਼ਬਰਦਸਤੀ ਖਿੰਡਾਉਣ ਦੀ ਕੋਸ਼ਿਸ਼ ਕੀਤੀ।ਰੋਸ ਮੁਜ਼ਾਹਰੇ ਦੌਰਾਨ ਪੀਆਰਟੀਸੀ ਕੰਟਰੈਕਟ ਵਰਕਰਾਂ ਨੇ ਆਪਣੇ ਆਪ 'ਤੇ ਪੈਟਰੋਲ ਪਾ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਭਾਰੀ ਪੁਲਸ ਬਲ ਨੇ ਰੋਸ ਮੁਜ਼ਾਹਰਾਕਾਰੀਆਂ ਨੂੰ ਘੇਰ ਲਿਆ, ਜੋ ਪੈਟਰੋਲ ਦੀਆਂ ਬੋਤਲਾਂ ਨਾਲ ਬੱਸਾਂ ਦੀਆਂ ਛੱਤਾਂ 'ਤੇ ਚੜ੍ਹ ਗਏ ਸਨ।ਬੱਸ ਦੀ ਛੱਤ 'ਤੇ ਤਿੰਨ ਕੰਟਰੈਕਟ ਵਰਕਰਾਂ ਨੇ ਆਪਣੇ ਆਪ 'ਤੇ ਪੈਟਰੋਲ ਪਾ ਕੇ ਆਪਣੇ ਆਪ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ।ਇਸ ਦੌਰਾਨ ਪੁਲਸ ਇੰਸਪੈਕਟਰ ਜਸਵੀਰ ਸਿੰਘ ਨੂੰ ਵੀ ਅੱਗ ਲੱਗ ਗਈ, ਪਰ ਉਨ੍ਹਾਂ ਦੇ ਸਾਥੀਆਂ ਨੇ ਮੌਕੇ 'ਤੇ ਅੱਗ ਬੁਝਾ ਦਿੱਤੀ।ਪੁਲਸ ਨੇ ਪੀਆਰਟੀਸੀ ਵਰਕਰ ਨੂੰ ਬੱਸ ਦੀ ਛੱਤ ਤੋਂ ਸੁੱਟ ਦਿੱਤਾ ਤੇ ਲਗਭਗ ਅੱਧਾ ਦਰਜਨ ਅਧਿਕਾਰੀਆਂ ਨੇ ਉਸ ਨੂੰ ਕੁੱਟਿਆ।ਪੁਲਸ ਨੇ ਵਰਕਰਾਂ ਤੇ ਪਾਣੀ ਦੀਆਂ ਬੁਛਾਰਾਂ ਮਾਰੀਆਂ।ਬੱਸ ਸਟੈਂਡ ਦੇ ਬਾਹਰ ਰੋਸ ਮੁਜ਼ਾਹਰਾ ਕਰ ਰਹੇ ਠੇਕਾ ਕਾਮਿਆਂ 'ਤੇ ਲਾਠੀਚਾਰਜ ਕੀਤਾ ਤੇ ਉਨ੍ਹਾਂ ਨੂੰ ਜ਼ਬਰਦਸਤੀ ਬੱਸਾਂ ਵਿੱਚ ਬਿਠਾਇਆ। ਝੜਪ ਦੌਰਾਨ ਕਈ ਠੇਕਾ ਕਰਮਚਾਰੀਆਂ ਦੀਆਂ ਪੱਗਾਂ ਉੱਤਰ ਗਈਆਂ ਤੇ ਕਈਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ।ਪੁਲਸ ਨੇ 50 ਤੋਂ ਵੱਧ ਠੇਕਾ ਕਰਮਚਾਰੀਆਂ ਨੂੰ ਜ਼ਬਰਦਸਤੀ ਹਿਰਾਸਤ ਵਿੱਚ ਲੈ ਕੇ ਵੱਖ-ਵੱਖ ਥਾਣਿਆਂ ਵਿੱਚ ਲਿਜਾਇਆ ਗਿਆ।

ਪੀਆਰਟੀਸੀ ਦੇ ਠੇਕਾ ਵਰਕਰਾਂ ਵਿਰੁੱਧ ਪੁਲਸ ਕਾਰਵਾਈ ਨੂੰ ਕਵਰ ਕਰਨ ਵਾਲੇ ਮੀਡੀਆ ਕਰਮਚਾਰੀਆਂ ਨੂੰ ਪੁਲਸ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦੇ ਕੈਮਰੇ ਤੇ ਫੋਨ ਜ਼ਬਤ ਕਰ ਲਏ।ਗੁੱਸੇ ਵਿੱਚ ਆਏ ਪੱਤਰਕਾਰਾਂ ਨੇ ਪੁਲਸ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਪ੍ਰਦਰਸ਼ਨ ਕੀਤਾ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੇ ਐੱਸਪੀ ਰਾਜੇਸ਼ ਛਿੱਬਰ ਨੇ ਪੱਤਰਕਾਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਜਿਹੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਪੁਲਸ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਹੀਂ ਵਾਪਰਨਗੀਆਂ ਤੇ ਮੀਡੀਆ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ।

ਲੇਬਰ ਕੋਡਾਂ ਖਿਲਾਫ ਮਜ਼ਦੂਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ 'ਚ ਭਾਰੀ ਰੋਸ

- 15ਵੀਂ ਅੰਤਰਰਾਸ਼ਟਰੀ ਲੇਬਰ ਕਾਨਫਰੰਸ ਨੂੰ ਕੀਤਾ ਅਣਗੌਲਿਆ
- ਕਾਰਪੋਰੇਟਾਂ ਦਾ ਹੱਥਠੋਕਾ ਬਣੀ ਮੋਦੀ ਸਰਕਾਰ

ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)-ਕੇਂਦਰੀ ਹੁਕਮਰਾਨ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਪਹਿਲਾਂ ਤੋਂ ਲਾਗੂ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਪਿਛਲੇ ਦਿਨੀਂ ਚਾਰ ਲੇਬਰ ਕੋਡਾਂ ਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਮੋਦੀ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਹੈ, ਜਿਸ ਕਾਰਨ ਦੇਸ਼ ਭਰ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਇਨ੍ਹਾਂ ਲੇਬਲ ਕੋਡਾਂ ਦਾ ਸਖਤ ਵਿਰੋਧ ਕੀਤਾ ਜਾ ਰਿਹਾ ਹੈ।ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਆਗੂ ਚਰਨ ਸਿੰਘ ਸਰਾਭਾ, ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਜਗਦੀਸ਼ ਸਿੰਘ ਚਾਹਲ, ਗੁਰਮੇਲ ਸਿੰਘ ਮੈਲਡੇ, ਸੁਰਿੰਦਰ ਕੁਮਾਰ ਪੁਆਰੀ, ਪ੍ਰੇਮ ਚਾਵਲਾ, ਪ੍ਰਵੀਨ ਕੁਮਾਰ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਤੇ ਟਹਿਲ ਸਿੰਘ ਸਰਾਭਾ ਨੇ ਕਿਹਾ ਕਿ ਭਾਵੇਂ ਸਰਕਾਰ ਲੇਬਰ ਕੋਡ ਲਾਗੂ ਕਰਨ ਨੂੰ ਸੋਸ਼ਲ ਮੀਡੀਏ ਤੇ ਆਪਣੇ ਹੋਰ ਸਾਧਨਾਂ ਰਾਹੀਂ ਇਸ ਤਰ੍ਹਾਂ ਮਜ਼ਦੂਰ ਪੱਖੀ ਬਣਾ ਕੇ ਪੇਸ਼ ਕਰ ਰਹੀ ਹੈ, ਜਿਵੇਂ ਮਜ਼ਦੂਰਾਂ ਦੀ ਜ਼ਿੰਦਗੀ ਦਾ ਕਾਇਆ ਕਲਪ ਕਰਨ ਦਾ ਆਗਾਜ਼ ਕਰ ਦਿੱਤਾ ਗਿਆ ਹੋਵੇ, ਜਦਕਿ ਨੰਗਾ ਚਿੱਟਾ ਸੱਚ ਤਾਂ ਇਹ ਹੈ ਕਿ ਇਹ ਇਹ ਕੋਡ ਕਾਰਪੋਰੇਟਾਂ ਦੀ ਸਹਿਮਤੀ ਨਾਲ ਮਜ਼ਦੂਰਾਂ ਨੂੰ ਹਕੀਕੀ ਤੇ ਕਾਨੂੰਨੀ ਤੌਰ 'ਤੇ ਮਿਲੇ ਪਹਿਲੇ ਅਧਿਕਾਰਾਂ ਨੂੰ ਵੰਚਿਤ ਕਰਨ ਦੀ ਗਿਣੀ-ਮਿੱਥੀ ਸਾਜ਼ਿਸ਼ ਹੈ, ਕਿਉਂਕਿ ਕਾਰਪੋਰੇਟ ਘਰਾਣੇ ਸਰਕਾਰ ਦੇ ਦਬਾਅ ਪਾਉਂਦੇ ਹਨ ਕਿ ਉਨ੍ਹਾਂ ਦੇ ਵਪਾਰ ਕਰਨ 'ਤੇ ਕਿਸੇ ਕਿਸਮ ਦੀ ਕੋਈ ਸ਼ਰਤ ਮਜ਼ਦੂਰਾਂ ਦੇ ਅਧਿਕਾਰਾਂ ਦੀ ਨਾ ਹੋਵੇ।ਇਸ ਤੋਂ ਇਲਾਵਾ ਇਹ ਇਹ ਲੇਬਰ ਕਾਨੂੰਨ ਬਣਾਉਂਦੇ ਸਮੇਂ 15ਵੀਂ ਅੰਤਰਰਾਸ਼ਟਰੀ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਅਣਗੌਲਿਆ ਕੀਤਾ ਗਿਆ ਹੈ।ਘੱਟੋ ਘੱਟ ਉਜ਼ਰਤ ਕੀ ਹੋਵੇਗੀ, ਕੋਈ ਜ਼ਿਕਰ ਨਹੀਂ ਕੀਤਾ ਗਿਆ। ਕਿਰਤ ਕਾਨੂੰਨਾਂ ਅਨੁਸਾਰ ਮਜ਼ਦੂਰਾਂ ਦੇ ਅਧਿਕਾਰਾਂ ਦੀ ਗੱਲ ਕਰਨ ਦੀ ਬਜਾਏ ਕੇਵਲ ਮਜ਼ਦੂਰਾਂ ਦੇ ਫ਼ਰਜ਼ਾਂ ਉੱਤੇ ਹੀ ਜ਼ੋਰ ਦਿੱਤਾ ਗਿਆ ਹੈ।ਆਗੂਆਂ ਨੇ ਕਿਹਾ ਕਿ ਮਜ਼ਦੂਰ ਵਿਰੋਧੀ ਇਨ੍ਹਾਂ ਕੋਡਜ਼ ਨੂੰ ਵਾਪਸ ਕਰਵਾਉਣ ਲਈ ਵਿਸ਼ਾਲ ਏਕੇ ਨਾਲ ਲਗਾਤਾਰ ਸੰਘਰਸ਼ ਕਰਨਾ ਪਵੇਗਾ ਤਾਂ ਹੀ ਮੋਦੀ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦਿੱਤਾ ਜਾ ਸਕਦਾ ਹੈ।

ਮਜ਼ਦੂਰ ਜਥੇਬੰਦੀਆਂ ਨੇ ਚਾਰ ਲੇਬਰ ਕੋਡਾਂ ਖਿਲਾਫ ਕੀਤਾ ਰੋਸ ਪ੍ਰਦਰਸ਼ਨ

ਚਾਰ ਲੇਬਰ ਕੋਡ ਲਾਗੂ ਕਰ ਮੋਦੀ ਸਰਕਾਰ ਨੇ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਨੂੰ ਕਾਨੂੰਨੀ ਜਾਮਾ ਪਹਿਨਾਇਆ : ਵਿਜੇ ਧੀਰ

ਮੋਗਾ (ਇਕਬਾਲ ਸਿੰਘ ਖਹਿਰਾ)-ਦੇਸ਼ ਦੇ ਕਰੋੜਾਂ ਕਿਰਤੀਆਂ ਦੀਆਂ ਸੇਵਾ ਸ਼ਰਤਾਂ ਬਦ ਤੋਂ ਬਦਤਰ ਬਣਾਉਣ ਲਈ ਅਤੇ ਕਾਰਪੋਰੇਟ ਘਰਾਣਿਆਂ ਅਤੇ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਣ ਦੇ ਇਰਾਦੇ ਨਾਲ ਕੇਂਦਰ ਦੀ ਮਜ਼ਦੂਰ ਵਿਰੋਧੀ ਮੋਦੀ ਸਰਕਾਰ ਨੇ ਲੰਮੇ ਸਮੇਂ ਤੋਂ ਠੰਡੇ ਬਸਤੇ ਵਿੱਚ ਰੱਖੇ ਹੋਏ ਮਜ਼ਦੂਰ ਵਿਰੋਧੀ ਚਾਰ ਲੇਬਰ ਕਾਨੂੰਨ ਅਚਾਨਕ 21 ਨਵੰਬਰ ਨੂੰ ਲਾਗੂ ਕਰ ਦਿੱਤੇ ਹਨ, ਜਿਸ ਦਾ ਵਿਰੋਧ ਦੇਸ਼ ਭਰ ਵਿੱਚ ਮਜ਼ਦੂਰ ਜਥੇਬੰਦੀਆਂ ਲਗਾਤਾਰ ਕਰ ਰਹੀਆਂ ਹਨ।ਇਨ੍ਹਾਂ ਚਾਰ ਮਜ਼ਦੂਰ ਵਿਰੋਧੀ ਲੇਬਰ ਕੋਡਾਂ ਖਿਲਾਫ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਜੁੜੀਆਂ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਰੋਸ ਪ੍ਰਦਰਸ਼ਨ ਕੀਤਾ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਕੇਂਦਰ ਸਰਕਾਰ ਤੋਂ ਇਹ ਚਾਰ ਲੇਬਰ ਕੋਡ ਵਾਪਸ ਲੈਣ ਤੇ 1886 ਦੇ ਸ਼ਿਕਾਗੋ ਅੰਦੋਲਨ ਤੋਂ ਲੈ ਕੇ ਅੱਜ ਤੱਕ ਦੇ ਮਜ਼ਦੂਰ ਮੁਲਾਜ਼ਮ ਸੰਘਰਸ਼ ਨਾਲ ਪ੍ਰਾਪਤ ਕੀਤੇ ਪੁਰਾਣੇ 29 ਮਜ਼ਦੂਰ ਕਾਨੂੰਨਾਂ ਨੂੰ ਮੁੜ ਬਹਾਲ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਚਾਰ ਮਜ਼ਦੂਰ ਵਿਰੋਧੀ ਲੇਬਰ ਕਾਨੂੰਨਾਂ ਦੇ ਵਾਪਸ ਲੈਣ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਨੇ ਦੱਸਿਆ ਕਿ ਸਰਕਾਰ ਵੱਲੋਂ ਇਨ੍ਹਾਂ ਕੋਡਾਂ ਵਿੱਚ ਜੋ ਵੀ ਮਜ਼ਦੂਰ ਪੱਖੀ ਹੋਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਉਹ ਸਾਰਾ ਛਲਾਵੇ ਤੋਂ ਵੱਧ ਕੁਝ ਨਹੀਂ ਹੈ। ਧੀਰ ਨੇ ਦੱਸਿਆ ਕਿ ਇਹ ਕੋਡ ਬ੍ਰਿਟਿਸ਼ ਰਾਜ ਤੋਂ ਲੈ ਕੇ ਬੀਤੇ 150 ਸਾਲਾਂ ਦੇ ਮਜ਼ਦੂਰ ਸੰਘਰਸ਼ਾਂ ਨਾਲ ਹਾਸਲ ਕੀਤੇ ਅਧਿਕਾਰਾਂ ਦਾ ਪੂਰਨ ਤੌਰ 'ਤੇ ਨਾਸ ਕਰ ਦੇਣਗੇ।ਧੀਰ ਨੇ ਦੱਸਿਆ ਕਿ ਇਹ ਮਜ਼ਦੂਰ ਵਿਰੋਧੀ ਕੋਡ ਹੜਤਾਲ ਦੇ ਅਧਿਕਾਰ ਨੂੰ ਰੱਦ ਕਰਦੇ ਹਨ, ਮਜ਼ਦੂਰਾਂ ਦੇ ਕੰਮ ਕਰਨ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਦੇ ਹਨ, ਟਰੇਡ ਯੂਨੀਅਨ ਰਜਿਸਟਰੇਸ਼ਨ ਪ੍ਰਕਰਿਆ ਨੂੰ ਜਟਿਲ ਬਣਾਉਂਦੇ ਹਨ, ਟਰੇਡ ਯੂਨੀਅਨਾਂ ਨੂੰ ਡੀ ਰਜਿਸਟਰ ਕਰਨਾ ਆਸਾਨ ਬਣਾਉਂਦੇ ਹਨ, ਸਲਾਹ ਮਸ਼ਵਰਾ ਰਾਹੀਂ ਨਿਪਟਾਰੇ ਦੀ ਪ੍ਰਕਿਰਿਆ ਨੂੰ ਮੁਸ਼ਕਲ ਕਰਦੇ ਹਨ, ਲੇਬਰ ਅਦਾਲਤਾਂ ਸਮਾਪਤ ਕਰਕੇ ਟ੍ਰਿਬਿਊਨਲ ਲਾਗੂ ਕਰਦੇ ਹਨ, ਵੇਤਨ ਦੀ ਪਰਿਭਾਸ਼ਾ ਬਦਲਦੇ ਹਨ, ਘੱਟੋ ਘੱਟ ਤਨਖਾਹ ਲਈ ਨਿਰਧਾਰਤ ਸ਼ਡਿਊਲ ਖਤਮ ਕਰਦੇ ਹਨ, ਅਤੇ ਸਮਾਜਿਕ ਸੁਰੱਖਿਆ ਸਿਹਤ ਤੇ ਕੰਮਕਾਜੀ ਹੱਕਾਂ ਨੂੰ ਖਤਰੇ ਵਿੱਚ ਪਾ ਦਿੰਦੇ ਹਨ, 100 ਤੋਂ ਵਧਾ ਕੇ 300 ਕਰਮਚਾਰੀਆਂ ਦੀ ਸੀਮਾ ਕਰਨ ਨਾਲ 70 ਫੀਸਦੀ ਉਦਯੋਗ ਮਜ਼ਦੂਰੀ ਕਾਨੂੰਨਾਂ ਦੇ ਦਾਇਰੇ ਤੋਂ ਬਾਹਰ ਹੋ ਜਾਣਗੇ, ਫੈਕਟਰੀ ਐਕਟ ਵਿੱਚ ਤਬਦੀਲੀਆਂ ਨਾਲ ਵੱਡੀ ਗਿਣਤੀ ਵਿੱਚ ਮਜ਼ਦੂਰ ਕਾਨੂੰਨੀ ਸੁਰੱਖਿਆ ਤੋਂ ਵਾਂਝ ਕਰ ਦਿੱਤਾ ਜਾਵੇਗਾ ਅਤੇ ਕਿਸੇ ਵੀ ਉਦਯੋਗ ਵਿੱਚ ਜਿੱਥੇ 300 ਤੱਕ ਮਜ਼ਦੂਰ ਕੰਮ ਕਰਦੇ ਹਨ, ਉਸ ਸੰਨਤ ਨੂੰ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਜਦ ਮਰਜ਼ੀ ਬੰਦ ਕਰਕੇ ਮਜ਼ਦੂਰਾਂ ਦੀ ਛਾਂਟੀ ਕਰ ਸਕਦੇ ਹਨ, ਜਦਕਿ ਪਹਿਲਾਂ ਇਹ 100 ਵਰਕਰਾਂ ਵਾਲੇ ਸਨਅਤੀ ਅਦਾਰੇ ਨੂੰ ਵੀ ਸਰਕਾਰ ਤੋਂ ਸਨਅਤੀ ਅਦਾਰਾ ਬੰਦ ਕਰਨ ਦੀ ਮਨਜ਼ੂਰੀ ਲੈਣੀ ਪੈਂਦੀ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਭਾਰਤੀ ਮਿੰਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ ਭੁੱਲਰ, ਘਰੇਲੂ ਸੇਵਕ ਯੂਨੀਅਨ ਦੀ ਪ੍ਰਧਾਨ ਮਨਦੀਪ ਸ਼ਰਮਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ, ਮੇਜ਼ਰ ਸਿੰਘ ਲੰਡੇ ਕੇ, ਜਸਵੰਤ ਸਿੰਘ ਜੱਸਾ, ਗੁਰਬੁੱਧ ਸਿੰਘ, ਬਲਵਿੰਦਰ ਸਿੰਘ, ਜਸਵੀਰ ਸਿੰਘ, ਤਰਸੇਮ ਸਿੰਘ, ਮਦਨ ਲਾਲ, ਭੋਲਾ ਸਿੰਘ, ਦੇਵਾਂ, ਗੁਰਪ੍ਰੀਤ ਸਿੰਘ, ਰਿੰਕੂ, ਧਰਮਿੰਦਰ ਸਿੰਘ, ਜੁਗਰਾਜ ਸਿੰਘ, ਕਸ਼ਮੀਰ ਸਿੰਘ, ਮੁਕੇਸ਼ ਕੁਮਾਰ, ਦਲੀਪ ਸਿੰਘ, ਜਸਵੰਤ ਸਿੰਘ, ਰਿੱਕੀ, ਬੁੱਧ ਸਿੰਘ, ਕਮਲਜੀਤ ਸਿੰਘ, ਦਲੀਪ ਸਿੰਘ, ਸੋਨੂੰ ਸਿੰਘ, ਹਰਜੀਤ ਸਿੰਘ, ਗਗਨ ਕੁਮਾਰ, ਬੂਟਾ ਸਿੰਘ, ਸ਼ਿੰਦਰ ਸਿੰਘ, ਸੋਨੂੰ, ਸੰਤੋਖ ਚੰਦ, ਸੁਖਦੇਵ ਸਿੰਘ, ਅਵਤਾਰ ਸਿੰਘ, ਰਾਜੂ, ਜੁਗਰਾਜ ਸਿੰਘ, ਮੰਗਲ ਸਿੰਘ, ਮਨੋਹਰ ਲਾਲ ਤੇ ਕਰਨ ਪਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਕਾਤਰਾਂ

ਵਕੀਲ ਪੁਨੀਤ ਚੀਮਾ ਨੂੰ ਸਦਮਾ, ਪਿਤਾ ਦਾ ਦੇਹਾਂਤ

ਬਠਿੰਡਾ (ਰਾਜੀਵ ਗੋਇਲ)-ਸਬ ਤਹਿਸੀਲ ਭਗਤਾ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਵਕੀਲ ਪੁਨੀਤ ਕੁਮਾਰ ਚੀਮਾ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਅਸ਼ੋਕ ਕੁਮਾਰ ਕਾਫੀ ਸਾਲ ਪਹਿਲਾਂ ਲੱਗੀ ਸੱਟ ਨਾਲ ਜੂਝਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਦੱਸਣਾ ਬਣਦਾ ਹੈ ਕਿ ਚੀਮਾ ਪਰਵਾਰ ਆਪਣੀ ਨਿਮਰਤਾ ਕਾਰਨ ਸ਼ਹਿਰ ਵਿੱਚ ਕਾਫੀ ਅਧਾਰ ਰੱਖਦਾ ਹੈ। ਇਸ ਦੁੱਖ ਦੀ ਘੜੀ ਵਿੱਚ ਸਮੂਹ ਚੀਮਾ ਪਰਵਾਰ ਨਾਲ ਵਪਾਰੀ ਵਰਗ ਸਮੇਤ ਸਿਆਸੀ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਠੱਗੀ ਮਾਰਨ ਦੇ ਦੋਸ਼ 'ਚ 2 ਵਿਅਕਤੀਆਂ ਵਿਰੁੱਧ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਪ੍ਰਭਾਤ ਸਿੰਘ ਵਾਲਾ ਵਿਖੇ ਲੜਕੇ ਨੂੰ ਜਾਰਜੀਆ ਭੇਜਣ ਸਬੰਧੀ ਠੱਗੀ ਮਾਰਨ ਦੇ ਦੋਸ਼ ਵਿੱਚ 2 ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਮੰਗਲ ਸਿੰਘ ਪੁੱਤਰ ਹੁਕਮ ਸਿੰਘ ਵਾਸੀ ਪ੍ਰਭਾਤ ਸਿੰਘ ਵਾਲਾ ਹਿਠਾੜ ਉਰਫ ਆਤੂ ਵਾਲਾ ਵੱਲੋਂ ਦਰਖਾਸਤ ਨੰਬਰ 6254-ਪੀ.ਜੀ.ਡੀ.-ਪੀ.ਸੀ. ਮਿਤੀ 05-08-2025 ਨੂੰ ਬਲਵਿੰਦਰ ਸਿੰਘ ਪੁੱਤਰ ਬਗੀਚਾ ਸਿੰਘ ਵਾਸੀ ਪ੍ਰਭਾਤ ਸਿੰਘ ਵਾਲਾ ਹਿਠਾੜ ਉਰਫ ਆਤੂਵਾਲਾ ਅਤੇ ਸਰਤਾਜ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਕਿਲ੍ਹਾ ਦੇਸਾ ਸਿੰਘ ਵਾਲਾ ਥਾਣਾ ਫਤਿਹਗੜ੍ਹ ਚੂੜੀਆਂ (ਬਟਾਲਾ) ਵਿਰੁੱਧ ਦਿੱਤੀ ਗਈ ਸੀ, ਜਿਸ ਵਿੱਚ ਸ਼ਿਕਾਇਤਕਰਤਾ ਮੰਗਲ ਸਿੰਘ ਨੇ ਦੱਸਿਆ ਕਿ ਉਸ ਦੇ ਲੜਕੇ ਨੂੰ ਜਾਰਜੀਆ ਭੇਜਣ ਲਈ ਪੈਸਿਆਂ ਦੀ ਠੱਗੀ ਮਾਰੀ ਗਈ ਹੈ। ਇਸ ਦਰਖਾਸਤ ਦੀ ਪੜਤਾਲ ਉੱਪ ਕਪਤਾਨ ਪੁਲਸ ਸੀ.ਏ.ਡਬਲਯੂ. ਤੇ ਚਿਲਡਰਨ ਫਾਜ਼ਿਲਕਾ ਵੱਲੋਂ ਕਰਨ ਉਪਰੰਤ ਐੱਸ.ਐੱਸ.ਪੀ. ਫਾਜ਼ਿਲਕਾ ਪਾਸੋਂ ਥਾਣਾ ਸਦਰ ਵਿਖੇ ਅਪਰੂਵਲ ਆਉਣ ਦੇ ਬਾਅਦ ਪੁਲਸ

30 Nov Page 6.qxd 11/29/2025 10:39 PM Page 1

ਜਲ ਸਪਲਾਈ ਵਿਭਾਗ ਦੇ ਠੇਕਾ ਕਾਮਿਆਂ ਵੱਲੋਂ 2 ਤੋਂ 4 ਦਸੰਬਰ ਤੱਕ ਰੋਸ ਧਰਨੇ

ਨਕੋਦਰ (ਮਨਜੀਤ ਮਾਨ) - ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ-ਵੱਖ ਪੋਸਟਾਂ 'ਤੇ (ਰੈਗੂਲਰ ਮੁਲਾਜਮਾਂ ਵਾਂਗ) ਪਿਛਲੇ 15 ਤੋਂ 20 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ

ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਮੁੱਖ ਮੰਗ ਸਮੇਤ ਹੋਰ ਹੱਕੀ ਅਤੇ ਜਾਇਜ ਮੰਗਾਂ ਦਾ ਹੱਲ ਕਰਵਾਉਣ ਲਈ ਪੂਰਅਮਨ ਢੰਗ ਨਾਲ ਸੰਘਰਸ਼ ਕਰ ਰਹੀ ਸਿਰਮੌਰ ਜੱਥੇਬੰਦੀ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਮਲਜੀਤ ਸਿੰਘ ਮਾਣਕ, ਜ਼ਿਲ੍ਹਾ ਜਨਰਲ ਸਕੱਤਰ ਸੁੱਚਾ ਸਿੰਘ ਨੂਰਮਹਿਲ ਦੀ ਅਗਵਾਈ ਹੇਠ ਕੀਤੀ ਗਈ ਵਿਸ਼ੇਸ਼ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਿਰਕਤ ਕੀਤੀ। ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗਾਂ ਵਿੱਚ ਮਰਜ ਕਰਕੇ ਰੈਗੂਲਰ ਕਰਨ ਸਮੇਤ ਹੋਰਨਾਂ ਮੰਗਾਂ ਨੂੰ ਲੈ ਕੇ 'ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ' ਦੇ ਪਲੇਟਫਾਰਮ ਤੋਂ 2 ਤੋਂ 4 ਦਸੰਬਰ 2025 ਨੂੰ ਮੋਰਚੇ 'ਚ ਸ਼ਾਮਲ ਵੱਖ-ਵੱਖ ਵਿਭਾਗਾਂ ਦੇ ਠੇਕਾ ਮੁਲਾਜਮ ਜੱਥੇਬੰਦੀਆਂ ਵੱਲੋਂ ਆਪਣੇ ਕੰਮ ਨੂੰ ਮੁਕੰਮਲ ਬੰਦ ਕਰਕੇ ਆਪਣੇ-ਆਪਣੇ ਵਿਭਾਗੀ ਦਫਤਰਾਂ ਅੱਗੇ ਲਗਾਤਾਰ ਦਿਨ-ਰਾਤ (3 ਦਿਨ) ਦੇ ਜਿਲ੍ਹਾ ਅਤੇ ਤਹਿਸੀਲ ਪੱਧਰੀ ਧਰਨੇ ਦੇਣ ਦਾ ਐਲਾਨ ਕੀਤਾ ਗਿਆ ਹੈ।ਮੀਟਿੰਗ ਵਿੱਚ ਹੋਰਾਂ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਵਿਜੇ ਕੁਮਾਰ ਰੁੜਕਾ, ਵਿੱਤ ਸਕੱਤਰ ਸੁਖਜਿੰਦਰ ਸਿੰਘ ਸੰਧੂ, ਜੁਆਇੰਟ ਵਿੱਤ ਸਕੱਤਰ ਰੇਸ਼ਮ ਸਿੰਘ, ਮੀਤ ਪ੍ਰਧਾਨ ਬਲਵੀਰ ਸਿੰਘ ਬਾਜਵਾ,ਮੀਤ ਪ੍ਰਧਾਨ ਸੁਰਜੀਤ ਸਿੰਘ ਫਿਲੋਰ ਮੁੱਖ ਸਲਾਹਕਾਰ ਸ਼ਿੰਦਰਪਾਲ ਸੰਧੂ, ਪ੍ਰੈਸ ਸਕੱਤਰ ਰਾਜ ਕੁਮਾਰ ਸਹੋਤਾ, ਮੰਗਤ ਰਾਮ, ਗੁਰਮੇਜ ਸਿੰਘ ਰੁੜਕਾ, ਗਗਨਦੀਪ ਸਿੰਘ, ਆਦਿ ਆਗੂਆਂ ਤੋਂ ਇਲਾਵਾ ਵਰਕਰ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਡਾ. ਇਸ਼ਾਂਕ ਨੇ ਵਿਕਾਸ ਵੱਲ ਵਧਾਇਆ ਇੱਕ ਹੋਰ ਕਦਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਕਰਦੇ ਹੋਏ, ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸੋਮਵਾਰ ਨੂੰ ਸੀਣਾਂ ਪਿੰਡ ਵਿੱਚ 7 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ

ਇੱਕ ਨਵੇਂ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਦਾ ਉਦਘਾਟਨ ਕੀਤਾ।ਇਸ ਪ੍ਰੋਜੈਕਟ ਨੂੰ ਪਿੰਡ ਵਾਸੀਆਂ ਵਲੋਂ ਉਤਸ਼ਾਹ ਪੂਰਨ ਹੁੰਗਾਰਾ ਮਿਲਿਆ, ਸਥਾਨਕ ਨਿਵਾਸੀਆਂ ਨੇ ਇਸ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ।ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਡਾ. ਇਸ਼ਾਂਕ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਟਿਊਬਵੈੱਲ ਸੀਣਾਂ ਪਿੰਡ ਦੇ ਸਾਰੇ ਪਰਿਵਾਰਾਂ ਨੂੰ ਸਾਫ਼ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਪਿੰਡ ਵਾਸੀਆਂ ਨੇ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਣੀ ਦੀ ਘਾਟ ਉਨ੍ਹਾਂ ਲਈ ਲੰਬੇ ਸਮੇਂ ਤੋਂ ਇੱਕ ਵੱਡੀ ਸਮੱਸਿਆ ਸੀ, ਪਰ ਹੁਣ ਨਵਾਂ ਟਿਊਬਵੈੱਲ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗਾ।ਡਾ. ਇਸ਼ਾਂਕ ਨੇ ਅੱਗੇ ਕਿਹਾ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਜਾਰੀ ਹਨ। ਨੇੜਲੇ ਭਵਿੱਖ ਵਿੱਚ ਗਲੀਆਂ ਅਤੇ ਨਾਲੀਆਂ ਦੀ ਮੁਰੰਮਤ, ਸੜਕਾਂ ਦੀ ਉਸਾਰੀ, ਖੇਡ ਸਹੂਲਤਾਂ ਦੇ ਵਿਕਾਸ ਅਤੇ ਸਾਂਝੀਆਂ ਸਹੂਲਤਾਂ ਵਿੱਚ ਸੁਧਾਰ ਵਰਗੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।ਸਮਾਰੋਹ ਦੇ ਅੰਤ ਵਿੱਚ, ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਵਿਧਾਇਕ ਦਾ ਸਨਮਾਨ ਕੀਤਾ ਅਤੇ ਟਿਊਬਵੈੱਲ ਦੀ ਸਥਾਪਨਾ ਨੂੰ ਪਿੰਡ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਦੱਸਿਆ। ਇਸ ਮੌਕੇ ਹੁਸ਼ਿਆਰਪੁਰ 2 ਦੇ ਬੀਡੀਓ ਰਜਿੰਦਰ ਕੌਰ ਵੀ ਮੌਜੂਦ ਸਨ।

ਵਿਦਿਆਰਥੀਆਂ ਨੇ ਵੇਖੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣੀ ਵਿਧਾਨ ਸਭਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦਿਆ ਗਿਆ ਸੀ। ਇਸ ਸੈਸ਼ਨ ਤੋਂ ਬਾਅਦ ਇਲਾਕੇ ਦੇ ਵੱਖ ਵੱਖ ਸਕੂਲਾਂ ਵੱਲੋਂ ਵਿਦਿਆਰਥੀਆਂ ਨੂੰ ਵਿਧਾਨ ਸਭਾ ਵਿਖਾਉਣ ਲਈ ਲਗਾਤਾਰ ਲਿਜਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੇ ਵੀ ਇਸ ਵਿਧਾਨ ਸਭਾ ਦੇ ਅੰਦਰ ਜਾ ਕੇ ਇਸ ਪਵਿੱਤਰ ਸਦਨ ਵਿੱਚ ਲਏ ਜਾਣ ਵਾਲੇ ਫੈਸਲਿਆਂ ਅਤੇ ਇੱਥੋਂ ਦੀ ਪ੍ਰਕਿਰਿਆ ਬਾਰੇ ਵੀ ਵਡਮੁੱਲੀ ਜਾਣਕਾਰੀ ਹਾਸਲ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੀਆਂ ਅਧਿਆਪਕਾਵਾਂ ਨਰਿੰਦਰ ਕੌਰ, ਦੀਪਾਂਜਲੀ ਸ਼ਰਮਾ, ਆਂਸ਼ੂ, ਜਸਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਵਾਸਤੇ ਇਹ ਮੌਕਾ ਉਪਲਬਧ ਕਰਵਾਇਆ ਜਾ ਰਿਹਾ ਹੈ ਕਿ ਉਹ ਵਿਧਾਨ ਸਭਾ ਦੇ ਇਸ ਕੰਪਲੈਕਸ ਅਤੇ ਵਿਧਾਨ ਸਭਾ ਦੇ ਅੰਦਰੂਨੀ ਵਿਭਾਗ ਨੂੰ ਨੇੜੇ ਤੋਂ ਵੇਖਣ ਤਾਂ ਜੋ ਭਵਿੱਖ ਵਿੱਚ ਆਪਣੇ ਅੰਦਰ ਅਜਿਹੀ ਰੁਚੀ ਪੈਦਾ ਕਰਨ ਕਿ ਉਹ ਦੇਸ਼ ਦਾ ਭਵਿੱਖ ਸਿਰਜਣ ਦੇ ਲਈ ਬਤੌਰ ਸਿਆਸਤਦਾਨ ਸਿਆਸੀ ਪਿੜ ਵਿੱਚ ਨਿਤਰਨ ਤੋਂ ਗੁਰੇਜ਼ ਨਾ ਕਰਨ। ਉਹਨਾਂ ਦੱਸਿਆ ਕਿ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪੁਰਬ ਮੌਕੇ ਬਣਾਈ ਗਈ ਇਸ ਵਿਧਾਨ ਸਭਾ ਦੇ ਅੰਦਰ ਜਾ ਕੇ ਇਹ ਅਹਿਸਾਸ ਹੋਇਆ ਹੈ ਕਿ ਕਿਸ ਤਰ੍ਹਾਂ ਵਿਧਾਨ ਸਭਾ ਦੇ ਅੰਦਰ ਬੈਠ ਕੇ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦੇ ਅਤੇ ਵਿਰੋਧੀ ਧਿਰਾਂ ਲੋਕ ਹਿੱਤਾਂ ਦੇ ਵਿੱਚ ਕਾਨੂੰਨਾਂ ਨੂੰ ਅੰਜਾਮ ਦਿੰਦੀਆਂ ਹਨ ਅਤੇ ਸੂਬੇ ਦੇ ਭਵਿੱਖ ਬਾਰੇ ਅਤੇ ਵਡੇਰੇ ਹਿੱਤਾਂ ਬਾਰੇ ਯੋਗ ਫੈਸਲੇ ਲੈਂਦੇ ਹਨ।

ਦੋ ਦਿਨਾ ਖੇਡ ਉਤਸਵ ਸੰਪੰਨ, ਓਵਰ ਆਲ ਟਰਾਫੀ ਭਾਈ ਘਨੱਈਆ ਹਾਊਸ ਨੇ ਜਿੱਤੀ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)- ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਵਿਦਿਆਰਥੀਆਂ ਵੱਲੋਂ ਦੋ ਦਿਨਾ ਖੇਡ ਉਤਸਵ ਧੂਮਧਾਮ ਨਾਲ ਮਨਾਇਆ ਗਿਆ। ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਅਗਵਾਈ ਅਤੇ ਪ੍ਰਿੰਸੀਪਲ ਅੰਜੂ ਬਾਲਾ ਦੀ ਦੇਖ ਰੇਖ ਹੇਠ ਕਰਵਾਏ ਗਏ ਇਸ ਖੇਡ ਉਤਸਵ ਵਿੱਚ ਨਰਸਰੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਖੇਡ ਦਿਵਸ ਦੀ ਸ਼ੁਰੂਆਤ ਸਕੂਲ ਦੇ ਚਾਰ ਹਾਊਸ ਭਗਤ ਸਿੰਘ ਹਾਊਸ, ਭਾਈ ਘਨਈਆ ਹਾਊਸ, ਰਣਜੀਤ ਸਿੰਘ ਹਾਊਸ ਅਤੇ ਖਾਲਸਾ ਹਾਊਸ ਦੇ ਬੱਚਿਆਂ ਵੱਲੋਂ ਖੂਬਸੂਰਤ ਮਾਰਚ ਪਾਸ ਕਰਕੇ ਕੀਤੀ ਗਈ। ਇਸੇ ਦੌਰਾਨ ਹੀ ਹੈਡ ਬੋਆਏ ਗਿਆਨ ਇੰਦਰ ਅਤੇ ਹੈਡ ਗਰਲ ਹਰਪ੍ਰੀਤ ਕੌਰ ਨੇ ਮਸ਼ਾਲ ਨਾਲ ਗਰਾਊਂਡ ਦਾ ਚੱਕਰ ਲਗਾਇਆ। ਇਸ ਮੌਕੇ ਚਾਰੋਂ ਹਾਊਸਾਂ ਦੇ ਬੱਚਿਆਂ ਨੇ ਮੁੱਖ ਮਹਿਮਾਨ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਪ੍ਰਿੰਸੀਪਲ ਮੈਡਮ ਅੰਜੂ ਬਾਲਾ ਨੂੰ ਸਲਾਮੀ ਦਿੱਤੀ ਜਿਸ ਉਪਰੰਤ ਸਾਰੇ ਵਿਦਿਆਰਥੀਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ। ਇਸ ਮੌਕੇ ਮੁੱਖ ਮਹਿਮਾਨ

ਵਜੋਂ ਪਹੁੰਚੇ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਬੱਚਿਆਂ ਦਾ ਹੌਸਲਾ ਵਧਾਉਂਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਸ ਸਕੂਲ ਦੇ ਬੱਚਿਆਂ ਨੇ ਬੀਤੇ 22 ਸਾਲਾਂ ਤੋਂ ਬੋਰਡ ਦੀਆਂ ਕਲਾਸਾਂ ਦੇ ਸੌ ਫੀ ਸਦੀ ਨਤੀਜੇ ਦੇ ਕੇ ਜਿਥੇ ਪੜਾਈ ਵਿੱਚ ਅੱਗੇ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ ਉੱਥੇ ਹੀ ਖੇਡਾਂ ਵਿੱਚ ਰਾਜ ਪੱਧਰ ਤੇ ਕਈ ਮੈਡਲ ਹਾਸਲ ਕਰਕੇ ਸਕੂਲ ਦੇ ਨਾਂ ਨੂੰ ਉੱਚਾ ਕੀਤਾ ਹੈ । ਉਹਨਾਂ ਨੇ ਕਿਹਾ ਕਿ ਖੇਡਾਂ ਨਾਲ ਬੱਚਿਆਂ ਦੇ ਸਰੀਰਕ ਵਿਕਾਸ ਦੇ ਨਾਲ ਨਾਲ ਉਹਨਾਂ ਵਿੱਚ ਅਨੂ ਸ਼ਾਸਨ ਦੀ ਭਾਵਨਾ, ਮਿਲ ਕੇ ਖੇਡਣਾ ਨਾਲ ਸ਼ਹਿਨਸ਼ੀਲਤਾ ਅਤੇ ਅਗਾਵਧੂ ਸੋਚਣ ਸ਼ਕਤੀ ਪੈਦਾ ਹੁੰਦੀ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਅੰਜੂ ਬਾਲਾ ਨੇ ਸਕੂਲ ਦੀਆਂ ਉਪਲਬਧੀਆਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਸਾਡੇ ਸਕੂਲ ਦਾ ਨਤੀਜਾ ਪਿਛਲੇ 22 ਸਾਲਾਂ ਤੋਂ 100 ਫੀਸਦੀ ਆ ਰਿਹਾ ਹੈ ਤੇ ਸਕੂਲ ਦੇ ਬੱਚੇ ਸਾਰੀਆਂ ਹੀ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਸ ਮੌਕੇ ਇਹਨਾਂ ਖੇਡਾਂ ਵਿੱਚ ਪਹਿਲੇ ਦੂਸਰੇ 3 ਤੇ ਤੀਸਰੇ ਸਥਾਨ ਤੇ ਰਹੇ ਖਿਡਾਰੀਆਂ ਨੂੰ ਗੋਲਡ ਮੈਡਲ, ਸਿਲਵਰ ਮੈਡਲ , ਬਰਾਉਨਸ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਹਨਾਂ ਖੇਡਾਂ ਦੌਰਾਨ ਪਹਿਲਾ ਸਥਾਨ ਪ੍ਰਾਪਤ ਕਰਕੇ ਓਵਰ ਆਲ ਟਰਾਫੀ ਘਨਈਆ ਹਾਊਸ ਨੇ ਜਿੱਤੀ ਜਦਕਿ ਦੂਜਾ ਸਥਾਨ ਭਗਤ ਸਿੰਘ ਹਾਊਸ ਅਤੇ ਤੀਸਰਾ ਸਥਾਨ ਖਾਲਸਾ ਹਾਊਸ ਨੇ ਹਾਸਿਲ ਕੀਤਾ।

ਨਗਰ ਕੀਰਤਨ 'ਚ ਜਲ ਸੇਵਾ ਤੇ ਬੈਗ ਵੰਡੇ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਹਿੰਦ ਦੀ ਚਾਦਰ ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਮੰਜੀ ਸਾਹਿਬ ਵਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਲੰਘਦਾ ਹੋਇਆ ਆਈ ਟੀ ਆਈ ਦੀ ਗਰਾਊਂਡ ਵਿਖੇ ਪਹੁੰਚਿਆ ਅਤੇ ਇੱਥੇ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਵਲੋਂ ਘੁੜਦੌੜਾਂ ਅਤੇ ਮਾਰਸ਼ਲ ਆਰਟ ਪੇਸ਼ ਕੀਤਾ ਗਿਆ। ਇਸ ਨਗਰ ਕੀਰਤਨ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ, ਜਥੇਬੰਦੀਆਂ ਅਤੇ ਸਮੂਹ ਸੰਗਤਾਂ ਨੇ ਬਹੁਤ ਹੀ ਸ਼ਰਧਾ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਪ੍ਰਮੁੱਖ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਸੰਸਥਾ ਵਾਤਾਵਰਣ ਸੰਭਾਲ ਸੁਸਾਇਟੀ ਵੱਲੋਂ ਹੀਰਾਂ ਜੱਟਾਂ ਮੁਹੱਲਾ ਵਿਖੇ ਪੰਡਾਲ ਲਗਾ ਕੇ ਸੰਗਤਾਂ ਨੂੰ ਜਲ ਪਾਨ ਕਰਵਾਇਆ ਗਿਆ ਅਤੇ ਪਲਾਸਟਿਕ ਦੀ ਵਰਤੋਂ ਰੋਕਣ ਲਈ ਵਾਤਾਵਰਣ ਨੂੰ ਬਚਾਉਣ ਦਾ ਸੁਨੇਹਾ ਛੱਪਵਾ ਕੇ ਬੈਗ ਵੰਡਣ ਦੀ ਸੇਵਾ ਕੀਤੀ ਗਈ। ਇਸ ਮੌਕੇ ਤੇ ਇਸ ਪ੍ਰੋਜੈਕਟ ਦੇ ਚੇਅਰਮੈਨ ਤਰਸੇਮ ਲਾਲ ਤੇ ਡਾਇਰੈਕਟਰ ਜੀ ਏਸ ਤੁੱਰ ਨੇ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ ਬਹੁਤ ਹੀ ਲਾਸਾਨੀ ਅਤੇ ਬੇਮਿਸਾਲ ਹੈ। ਗੁਰੂ ਸਾਹਿਬ ਜੀ ਦਾ ਸਤਿਕਾਰ ਸਾਰੇ ਧਰਮਾਂ ਵਿੱਚ ਕੀਤਾ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਗੁਰਬਾਣੀ ਨਾਲ ਜੁੜ ਕੇ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਚੱਲਣ ਦੀ ਲੋੜ ਹੈ। ਇਸ ਮੌਕੇ ਤੇ ਡੀ ਏ ਏਨ ਕਾਲੇਜ ਦੀ ਟੀਚਰ ਰਜਨੀ ਬਾਲਾ, ਕਾਲਜ ਸਟੂਡੈਂਟ ਰਮਨਦੀਪ ਕੌਰ,ਜਯਾ ਚੋਪੜਾ, ਆਲੀਸ਼ਾ, ਜਸ਼ਨਪ੍ਰੀਤ ਕੌਰ,ਅਮਨਜੋਤ ਅਤੇ ਵਾਤਾਵਰਣ ਸੰਭਾਲ ਸੁਸਾਇਟੀ ਵੱਲੋਂ ਚੇਅਰਮੈਨ ਰਾਜਨ ਅਰੋੜਾ, ਪ੍ਰਧਾਨ ਜਸਵੰਤ ਸਿੰਘ ਭੱਟੀ, ਮੀਤ ਪ੍ਰਧਾਨ ਤਰਸੇਮ ਲਾਲ, ਕੈਸ਼ੀਅਰ ਕੁਲਦੀਪ ਕੁਮਾਰ, ਫਾਊਂਡਰ ਮੈਂਬਰ ਬਲਜੀਤ ਚੋਪੜਾ, ਅਰੁਣ ਕੁਮਾਰ ਬਾਲੀ, ਧਰਮਪਾਲ ਬਾਲੀ, ਨਵਦੀਪ, ਮਾਸਟਰ ਲਲਿਤ ਸ਼ਰਮਾਂ, ਗੁਰਮੁਖ ਸਿੰਘ, ਸੁਰਿੰਦਰ ਕੁਮਾਰ, ਗੁਰਿੰਦਰ ਸਿੰਘ ਤੁੱਰ, ਬੀ ਏਸ ਬੈਂਸ ਆਦਿ ਹਾਜ਼ਰ ਸਨ।

ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਲਾਭਪਾਤਰੀਆਂ ਨੂੰ ਵੰਡੀ ਵਿੱਤੀ ਸਹਾਇਤਾ

ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ) ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ 2.0 ਦੇ ਤਹਿਤ 100 ਲਾਭਪਾਤਰੀਆਂ ਨੂੰ ਰਾਜ ਸਰਕਾਰ ਵਲੋਂ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ 2.50 ਲੱਖ ਪ੍ਰਤੀ ਲਾਭਪਾਤਰੀ ਦੀ ਵਿੱਤੀ ਸਹਾਇਤਾ ਦੀ ਰਾਸ਼ੀ ਵੰਡੀ।ਇਹ ਰਾਸ਼ੀ ਲਾਭਪਾਤ

30 Nov Page-7-Advt-2025-H.qxd 11/29/2025 9:40 PM Page 1

ਨਾਂਅ ਦੀ ਬਦਲੀ

ਮੈਂ, ਜਸਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਕਾਂਗਣਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ (ਪੰਜਾਬ) ਨੇ ਆਪਣਾ ਨਾਂਅ ਲਖਵਿੰਦਰ ਸਿੰਘ ਤੋਂ ਬਦਲ ਕੇ ਜਸਵਿੰਦਰ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਨਾਂਅ ਦੀ ਬਦਲੀ

ਮੈਂ, ਸੁਰਿੰਦਰਪਾਲ ਸਿੰਘ ਕੋਚਰ ਪੁੱਤਰ ਮੋਤਾ ਸਿੰਘ ਵਾਸੀ ਮਕਾਨ ਨੰ. 32409, ਤੇਜ਼ਾਬ ਵਾਲੀ ਗਲੀ, ਪਰਸਰਾਮ ਨਗਰ ਬਠਿੰਡਾ-151001, ਪੰਜਾਬ (ਭਾਰਤ) ਨੇ ਆਪਣਾ ਨਾਂਅ ਬਦਲ ਕੇ ਸੁਰਿੰਦਰਪਾਲ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਉਡਰ ਗੇਲੇ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 19.12.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾ ਦੇ ਮਾਧਿਅਮ ਨਾਲ ਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਪੈਕੇਟ ਪ੍ਰਣਾਲੀ	ਏਕਲ ਪੈਕੇਟ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	27.11.2025	ਬੋਲੀ ਸ਼ੁਰੂ ਦੀ ਮਿਤੀ	05.12.2025	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ	19.12.2025/ 15:00 ਵਜੇ

ਲ.ਨੰ.	ਨਿਵਿਦਾ ਸੰਖਿਆ	ਨਿਵਿਦਾ ਦਾ ਵੇਰਵਾ			
1.	187-2025-26-ADEN-LDH	ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਅਧਿਕਾਰ ਖੇਤਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ ਪੀ.ਵੇ. / ਨਵਾਂਸ਼ਹਿਰ ਦੇਆਬਾ ਦੇ ਅਨੁਭਾਗ ਵਿਚ ਟ੍ਰੈਕ ਰਖਰਖਾਅ ਦੇ ਲਈ ਵਖ-ਵਖ ਪੀ.ਵੇ. ਦਾ ਕੰਮ ਕਰਨਾ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ	
	₹69,92,892.02	₹1,39,900/-	60 ਦਿਨ	08 ਮਹੀਨੇ	
	ਵਿਸ਼ੇਸ਼ ਤਕਨੀਕੀ ਮਾਨਦੰਡ: ''ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ, ਟੀ-28 ਦੁਆਰਾ।''			
2.	188-2025-26-ADEN-LDH	ਸਹਾਇਕ ਮੰਡਲ ਇੰਜੀਨੀਅਰ/ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਅਨੁਭਾਗੀ ਇੰਜੀਨੀਅਰ/ਪੀ.ਵੇ./ ਲੁਧਿਆਣਾ ਦੇ ਤਹਿਤ ਯਾਰਡ ਅਤੇ ਬਲਾਕ ਸੇਕਸ਼ਨ ਵਿਚ ਰੈਗ ਪਿਕਿੰਗ ਕੰਮ, ਵਖ-ਵਖ ਪੀ.ਵੇ. ਕੰਮ ਅਤੇ ਸੀਨੀਅਰ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਲੁਧਿਆਣਾ ਉਪਮੰਡਲ ਵਿਚ ਡਿਜਾਈਨ ਮੋਡ ਟੈਂਪਿੰਗ ਤੋਂ ਪਹਿਲਾਂ ਅਤੇ ਬਾਅਦ ਵਿਚ ਟ੍ਰੈਕ ਮਾਪ ਸਰਵੇਖਣ ਦਾ ਕੰਮ।			
	ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ (ਰੁ.)	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ	
	₹1,68,86,194.70	₹2,34,400/-	60 ਦਿਨ	10 ਮਹੀਨੇ	
	ਵਿਸ਼ੇਸ਼ ਤਕਨੀਕੀ ਮਾਨਦੰਡ: ''ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਦੇ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਮਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ ਰੇਗੂਲੇਟਿੰਗ ਮਸ਼ੀਨ ਦੇ ਲਈ ਪਹਿਲਾ ਅਤੇ ਬਾਅਦ ਦਾ ਕੰਮ ਸ਼ਾਮਲ ਹਨ, ਟੀ-28 ਦੁਆਰਾ।''			

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:- 187, 188-2025-26-ADEN-LDH ਤਾਰੀਕ : 28.11.2025 3707/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

PUNJAB NATIONAL BANK

BRANCH:- Rahon Road. Ludhiana, Punjab.
Email:-bo7622@pnb.co.in

ਸਕਿਉਰਟਾਈਜ਼ੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਕਿ ਹੇਠਾਂ ਵਰਨਣ ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤਾਂ ਦੀ ਵਿਆਜ ਸਹਿਤ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ ਵਿੱਚ ਉਲੰਘਣਾ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਨੂੰ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਨੋਟਿਸ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਭੇਜੇ ਸਨ, ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾਵਾਂ ਦੇ ਵਾਪਸ ਆ ਗਏ ਕੁਝ ਮਾਮਲਿਆਂ 'ਚ ਪ੍ਰਾਪਤੀ ਦੀਆਂ ਰਸੀਦਾਂ ਪ੍ਰਾਪਤ ਨਹੀਂ ਹੋਈਆਂ ਹਨ। ਅਜਿਹੇ ਵਿੱਚ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਬਾਰੇ ਪਬਲਿਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

ਜਾਇਦਾਦ ਦੇ ਕਰਜ਼ਦਾਰ/ਗਰੰਟਰ/ ਭਾਈਵਾਲ/ਗਿਰਵੀਕਾਰ	ਜਾਇਦਾਦ/ਜਾਇਦਾਦਾਂ ਦਾ ਵੇਰਵਾ	ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ	ਬਕਾਇਆ ਰਾਸ਼ੀ
1. (ਕਰਜ਼ਦਾਰ) 1. ਸ੍ਰੀ ਸਤਿੰਦਰ ਸਿੰਘ ਪੁੱਤਰ ਸ੍ਰੀ ਮਦਨ ਸਿੰਘ, #ਮਕਾਨ ਨੰ. 1179, ਨੇੜੇ ਗੁਰਦੁਆਰਾ ਭਾਟ ਸਿੰਘ, ਇਸਲਾਮ ਗੰਜ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। 2. ਸ੍ਰੀ ਜਸਵਿੰਦਰ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ, #ਮਕਾਨ ਨੰ. 1179, ਨੇੜੇ ਗੁਰਦੁਆਰਾ ਭਾਟ ਸਿੰਘ, ਇਸਲਾਮ ਗੰਜ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ।	ਬੈਨਾਮਾ ਵਸੀਕਾ ਨੰ. 15946 ਮਿਤੀ 11.10.1999 ਅਤੇ ਬੈਨਾਮਾ ਨੰ. 2805 ਮਿਤੀ 23.05.2003 ਅਨੁਸਾਰ ਸ੍ਰੀ ਸਤਿੰਦਰ ਸਿੰਘ ਪੁੱਤਰ ਸ੍ਰੀ ਮਦਨ ਸਿੰਘ ਅਤੇ ਸ੍ਰੀ ਜਸਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਦੇ ਨਾਂਅ ਰਿਹਾਇਸ਼ੀ ਅਚੱਲ ਜਾਇਦਾਦ ਰਕਬਾ (50-1/2+50-1/2 ਵਰਗ ਗਜ਼) ਕੁੱਲ ਜਾਇਦਾਦ ਰਕਬਾ 101 ਵਰਗ ਗਜ਼ ਮਕਾਨ ਨੰ. ਐੱਮ ਸੀ-ਬੀ-14-1179 ਅਤੇ ਐੱਮ ਸੀ-ਬੀ-14-1179/ਸੀ, ਇਸਲਾਮ ਗੰਜ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ।	11-07.2018	27-08.2025	ਰੁਪਏ 16,07,498.45/- (ਸੋਲਾਂ ਲੱਖ ਸੱਤ ਹਜ਼ਾਰ ਚਾਰ ਸੌ ਅਠਾਨਵੇਂ ਰੁਪਏ ਅਤੇ ਪੰਜਤਾਲੀ ਪੈਸੇ ਕੇਵਲ) ਸਮੇਤ ਹੋਰ ਵਿਆਜ ਅਤੇ ਅਚਨਚੇਤੀ ਖਰਚੇ ਪੂਰੀ ਅਦਾਇਗੀ ਤੱਕ।

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂਯੋਗ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਦੀ ਅਦਾਇਗੀ ਕਰ ਦੇਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ ਦੀ ਸੂਰਤ ਵਿੱਚ ਸਕਿਉਰਟਾਈਜੇਸਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ।

ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਲਏ ਬਗੈਰ ਬਿਜ਼ਨੈੱਸ ਦੇ ਆਮ ਕੰਮ ਧੰਦੇ ਤੋਂ ਸਿਵਾਏ ਉਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।

ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 11.09.2025 ਸਥਾਨ : ਮਾਛੀਵਾੜਾ ਅਧਿਕਾਰਤ ਅਫਸਰ

ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਅੱਜ

ਬਿਆਸ (ਰੱਖੜਾ)-ਨੇੜਲੇ ਪਿੰਡ ਵਜ਼ੀਰ ਭੁੱਲਰ ਦੇ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ 30 ਨਵੰਬਰ (ਐਤਵਾਰ) ਨੂੰ ਕਰਵਾਏ ਜਾਣਗੇ। ਇਸ ਦੌਰਾਨ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕਥਾਵਾਚਕ ਭਾਈ ਹਰਪ੍ਰੀਤ ਸਿੰਘ ਵਡਾਲਾ ਜੌਹਲ ਅਤੇ ਛੋਟੇ ਬੱਚਿਆਂ ਦਾ ਕੀਰਤਨੀ ਜਥਾ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰੇਗਾ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਰਿਆਤ-ਬਾਹਰਾ ਪ੍ਰੋਫੈਸ਼ਨਲ 'ਵਰਸਟੀ 'ਚ 'ਸਿਨਰਜੀ-05' ਪ੍ਰੋਗਰਾਮ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਰਿਆਤ-ਬਾਹਰਾ ਪ੍ਰੋਫੈਸ਼ਨਲ ਯੂਨੀਵਰਸਟੀ ਵਿੱਚ 'ਸਿਨਰਜੀ-05' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ 2500 ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰੋਗਰਾਮ ਵਿੱਚ ਡੀ.ਸੀ. ਆਸ਼ਿਕਾ ਜੈਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈਆਂ, ਜਦਕਿ ਮਸ਼ਹੂਰ ਫ਼ਿਲਮ ਅਤੇ ਕਾਮੇਡੀ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਵਿਸ਼ੇਸ਼ ਹਾਜ਼ਰੀ ਭਰੀ। ਯੂਨੀਵਰਸਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਦਿਖਾਉਣਾ ਸਮਾਜ ਦੀ ਜ਼ਿੰਮੇਵਾਰੀ ਹੈ। ਘੁੱਗੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਾ ਸਿਰਫ਼ ਨੌਜਵਾਨਾਂ ਦਾ ਭਵਿੱਖ ਹੀ ਨਹੀਂ, ਬਲਕਿ ਪੂਰੇ ਪਰਵਾਰ ਅਤੇ ਸਮਾਜ ਦੀ ਨੀਂਹ ਨੂੰ ਕਮਜ਼ੋਰ ਕਰਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ੇ ਪ੍ਰਤੀ ਜ਼ੀਰੋ-ਟੋਲਰੈਂਸ ਨੀਤੀ ਅਪਣਾਉਣ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਿਸ ਵਿਚ ਨਸ਼ਾ-ਮੁਕਤ ਸਮਾਜ ਦੀ ਨਿਰਮਾਣ ਲਈ ਰਚਨਾਤਮਕ ਵਿਚਾਰ ਸਾਂਝੇ ਕੀਤੇ।ਯੂਨੀਵਰਸਟੀ ਦੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਕਿਹਾ ਕਿ

ਸਿਨਰਜੀ-05 ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਨਸ਼ਾ-ਨਿਵਾਰਣ ਬਾਰੇ ਜਾਗਰੂਕਤਾ ਫ਼ੈਲਾਉਣਾ ਹੈ।ਇਸ ਮੌਕੇ ਸੀਨੀਅਰ ਡਾਇਰੈਕਟਰ ਹਰਿੰਦਰ ਜਸਵਾਲ ਅਤੇ ਡਾਇਰੈਕਟਰ ਗੁਰਪ੍ਰੀਤ ਬੇਦੀ ਨੇ ਕਿਹਾ ਕਿ ਅਜੇਹੇ ਪ੍ਰੋਗਰਾਮ ਨੌਜਵਾਨਾਂ ਵਿੱਚ ਸਮਾਜਿਕ ਜ਼ਿੰਮੇਵਾਰੀ ਅਤੇ ਸਕਾਰਾਤਮਕ ਊਰਜਾ ਪੈਦਾ ਕਰਦੇ ਹਨ। ਯੂਨੀਵਰਸਟੀ ਪ੍ਰਬੰਧਨ ਵੱਲੋਂ ਅਧਿਆਪਕਾਂ, ਪ੍ਰਿੰਸੀਪਲਾਂਅਤੇ ਵਿਦਿਆਰਥੀਆਂ ਨੂੰ ਵਧੀਆ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਡੀਨ ਡਾ. ਕੁਲਦੀਪ ਵਾਲੀਆ ਨੇ ਸਮੂਹ ਪ੍ਰਿੰਸੀਪਲਾਂ , ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ. ਜਸਦੀਪ ਕੌਰ ਧਾਮੀ, ਡਾ. ਮਨਿੰਦਰ ਗਰੇਵਰ, ਡਾ. ਮੀਨਾਕਸ਼ੀ, ਪ੍ਰੇਮ ਲਤਾ, ਕੁਲਦੀਪ ਰਾਣਾ, ਡਾ. ਗੌਰਵ ਪਰਾਸ਼ਰ, ਡਾ. ਸੁਖਮੀਤ ਬੇਦੀ, ਡਾ. ਜਰਨੈਲ ਸਮੇਤ ਯੂਨੀਵਰਸਟੀ ਦਾ ਸਮੂਹ ਸਟਾਫ਼ ਮੌਜੂਦ ਸੀ।

LALA LAJPAT RAI INSTITUTE OF NURSING EDUCATION

GULAB DEVI HOSPITAL, JALANDHAR. Mobile No: 9815644441
Email: gulabdevihospital124@gmail.com, www.llrgdhnursing.com

Semi online counseling for leftover seats in GNM Course (Session 2025-26) for Lala Lajpat Rai Institute of Nursing Education. Jalandhar

It is informed that the process for Semi Online Counselling of leftover seats for Lala Lajpat Rai Institute of Nursing Education, Jalandhar will be conducted at institute level as per following schedule.

Only the candidates, who have completed application in all respects on counseling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

Description	Date	Reporting Timing
Semi Online Counselling and joining of candidates for Lala Lajpat Rai of Nursing Institute Gulab Devi Hospital, Jalandhar	30-11-2025	9:00 am to 10:00 am

PNRC Helpline for Counselling
+91 62836-18852 (Mon-Fri, 9am - 5pm) admissionspnrc@gmail.com

Principal
Lala Lajpat Rai Institute of Nursing Education, Jalandhar.

ਰੋਡਵੇਜ਼ ਕਾਮਿਆਂ ਨੇ ਦੂਜੇ ਦਿਨ ਵੀ ਡਿਪੂ ਮੁਕੰਮਲ ਬੰਦ ਰੱਖਿਆ

ਨੰਗਲ (ਸੁਰਜੀਤ ਸਿੰਘ ਢੇਰ)-ਪੰਜਾਬ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਬੱਸਾਂ ਪਾਉਣ ਦੇ ਖਿਲਾਫ ਲਗਾਤਾਰ ਧਰਨਾ ਜਾਰੀ ਰਿਹਾ ਤੇ ਡੀਪੂ ਨੂੰ ਰੋਡਵੇਜ਼ ਕਾਮਿਆਂ ਨੇ ਬੰਦ ਕਰ ਦਿੱਤਾ ਗਿਆ।ਇਸ ਮੌਕੇ ਸੀਟੂ ਦੇ ਆਗੂਆਂ ਨੇ ਧਰਨੇ ਵਿੱਚ ਸ਼ਾਮਲ ਹੋ ਕੇ ਰੋਡਵੇਜ ਕਾਮਿਆਂ ਨੂੰ ਭਰਪੂਰ ਸਮਰਥਨ ਦਿੱਤਾ।ਇਸ ਮੌਕੇ ਪਨਬੱਸ ਰੋਡਵੇਜ਼ ਯੂਨੀਅਨ ਦੇ ਆਗੂ ਦਿਆਲ ਮਾਹੀ ਨੇ ਕਿਹਾ ਕਿ ਪੰਜਾਬ ਸਰਕਾਰ ਜਨਤਕ ਖੇਤਰ ਦੇ ਅਦਾਰਿ

30 Nov Page 8.qxd 11/29/2025 10:38 PM Page 1

ਦੁਨੀਆ ਨੂੰ ਆਕਾਰ ਦੇਣ ਵਾਲੀਆਂ ਆਵਾਜ਼ਾਂ ਨੇ ਐੱਲ ਪੀ ਯੂ 'ਚ ਆ ਕੇ ਨੌਜਵਾਨਾਂ ਨੂੰ ਕੀਤਾ ਪ੍ਰੇਰਿਤ

ਜਲੰਧਰ (ਸ਼ੈਲੀ ਐਲਬਰਟ); ਦ੍ਰਿਸ਼ਟੀ ਅਤੇ ਆਵਾਜ਼ ਦੇ ਇੱਕ ਸ਼ਾਨਦਾਰ ਮਿਸ਼ਰਣ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਟੇਡ ਐਕਸ ਐਲ ਪੀ ਯੂ ਵੂਮੈਨ 2025 ਦੀ ਮੇਜ਼ਬਾਨੀ ਕੀਤੀ, ਆਪਣੇ ਕੈਂਪਸ ਨੂੰ ਪ੍ਰੀਵਰਤਨਸ਼ੀਲ ਵਿਚਾਰਾਂ ਲਈ ਇੱਕ ਗਤੀਸ਼ੀਲ ਫੋਰਮ ਵਿੱਚ ਬਦਲ ਦਿੱਤਾ। ਦੁਨੀਆ ਨੂੰ ਆਕਾਰ ਦੇਣ ਵਾਲੀਆਂ ਆਵਾਜ਼ਾਂ ਥੀਮ ਦੇ ਤਹਿਤ, ਇਸ ਪ੍ਰੋਗਰਾਮ ਨੇ ਲੀਡਰਾਂ ਨੂੰ ਇਕੱਠਾ ਕੀਤਾ ਜਿਨ੍ਹਾਂ ਦੀਆਂ ਯਾਤਰਾਵਾਂ ਅਤੇ ਦ੍ਰਿਸ਼ਟੀਕੋਣਾਂ ਨੇ ਸੀਮਾਵਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ ਅਤੇ ਕਾਰਜਸ਼ੀਲ ਤਬਦੀਲੀ ਨੂੰ ਪ੍ਰੇਰਿਤ ਕੀਤਾ ਹੈ।ਆਪਣੀ ਸ਼ਾਨਦਾਰ ਤੇਜ਼ ਬੁੱਧੀ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਦੇ ਹੋਏ,

ਅਦਾਕਾਰਾ, ਨਿਰਦੇਸ਼ਕ ਅਤੇ ਲੇਖਕ ਸਨੇਹਿਲ ਦੀਕਸ਼ਿਤ ਮਿਸ਼ਰਾ ਨੇ ਇੱਕ ਭਾਸ਼ਣ ਦਿੱਤਾ ਜਿਸਨੇ ਦਰਸ਼ਕਾਂ 'ਤੇ ਡੂੰਘੀ ਛਾਪ ਛੱਡੀ।ਹਾਸੇ-ਮਜ਼ਾਕ ਅਤੇ ਇਮਾਨਦਾਰੀ ਦੇ ਆਪਣੇ ਵਿਲੱਖਣ ਮਿਸ਼ਰਣ ਨਾਲ, ਉਸਨੇ ਦੱਸਿਆ ਕਿ ਕਿਵੇਂ ਕਹਾਣੀ ਸੁਣਾਉਣ ਅਤੇ ਵਿਅੰਗ ਡੂੰਘਾਈ ਨਾਲ ਅਸੀਂ ਜੜ੍ਹਾਂ ਫੜਨ ਵਾਲੇ ਰੂੜ੍ਹੀਵਾਦੀ ਵਿਚਾਰਾਂ ਨੂੰ ਚੁਣੌਤੀ ਦੇ ਸਕਦੇ ਹਨ।ਮਿਨਰਵਾ ਅਕੈਡਮੀ ਐਫਸੀ ਦੇ ਸੰਸਥਾਪਕ ਰਣਜੀਤ ਬਜਾਜ ਨੇ ਭਾਰਤ ਵਿੱਚ ਇੱਕ ਵਿਸ਼ਵ ਪੱਧਰੀ ਜ਼ਮੀਨੀ ਪੱਧਰ ਦੇ ਫੁੱਟਬਾਲ ਈਕੋਸਿਸਟਮ ਬਣਾਉਣ ਬਾਰੇ ਦਿਲਚਸਪ ਸੂਝਾਂ ਸਾਂਝੀਆਂ ਕੀਤੀਆਂ। ਐਲਪੀਯੂ ਦੀ ਪ੍ਰੋ-ਚਾਂਸਲਰ, ਡਾ. ਕਰਨਲ ਰਸ਼ਮੀ ਮਿੱਤਲ, ਨੇ ਆਪਣੀ ਯਾਤਰਾ, ਬੁੱਧੀ ਅਤੇ ਸਸ਼ਕਤੀਕਰਨ ਸੂਝ ਨਾਲ ਦਰਸ਼ਕਾਂ ਨੂੰ ਹੋਰ ਪ੍ਰੇਰਿਤ ਕੀਤਾ। ਡਾ. ਮਿੱਤਲ ਨੇ ਇੱਕ ਹੋਰ ਸਮਾਵੇਸ਼ੀ ਅਤੇ ਅਗਾਂਹਵਧੂ ਦੁਨੀਆ ਬਣਾਉਣ ਵਿੱਚ ਜਨੂੰਨ, ਵਿਸ਼ਵਾਸ ਅਤੇ ਉਦੇਸ਼ ਨਾਲ ਲੀਡਰਸ਼ਿਪ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਫ੍ਰੀਸਟਾਈਲ ਫੁੱਟਬਾਲਰ ਅਤੇ ਖੇਡ ਪੇਸ਼ਕਾਰ ਤਨੀਸ਼ਾ ਗੁਪਤਾ ਨੇ ਵਿਭਿੰਨ ਖੇਡਾਂ ਵਿੱਚ ਆਪਣੀ ਯਾਤਰਾ ਸਾਂਝੀ ਕੀਤੀ। ਮੇਜਰ ਅਨੀਤਾ ਰਾਠੌਰ, ਸਾਬਕਾ ਭਾਰਤੀ ਫੌਜ ਅਧਿਕਾਰੀ ਅਤੇ ਯੁਵਾ ਸਲਾਹਕਾਰ, ਨੇ ਅਨੁਸ਼ਾਸਨ ਅਤੇ ਲੀਡਰਸ਼ਿਪ 'ਤੇ ਇੱਕ ਦਿਲੋਂ ਸੰਦੇਸ਼ ਦਿੱਤਾ, ਰਾਸ਼ਟਰ ਨਿਰਮਾਣ ਦੀ ਨੀਂਹ ਵਜੋਂ ਸਲਾਹ-ਮਸ਼ਵਰੇ 'ਤੇ ਜ਼ੋਰ ਦਿੱਤਾ।

ਟੀਚਰ ਫਾਸਟ ਦਿਵਸ ਮਨਾਇਆ

ਨਕੋਦਰ (ਮਨਜੀਤ ਮਾਨ) ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ (ਜਲੰਧਰ) ਵਿਖੇ ਟੀਚਰ ਫਾਸਟ ਮੌਕੇ ਬਲਾਕ ਨਕੋਦਰ-2 ਅਧੀਨ ਪੈਂਦੇ ਸਮੂਹ ਸਰਕਾਰੀ ਸਕੂਲਾਂ ਵਿੱਚੋਂ ਵੱਖ-ਵੱਖ ਵਿਸ਼ੇ ਦੇ ਅਧਿਆਪਕਾਂ ਨੇ ਭਾਗ ਲਿਆ ਅਤੇ ਆਪਣੇ ਵਿਸ਼ੇ ਨਾਲ ਸਬੰਧਤ ਪ੍ਰੋਜੈਕਟ ਤਿਆਰ ਕਰਕੇ ਇਸ ਪ੍ਰੋਗਰਾਮ ਵਿੱਚ ਪ੍ਰਦਰਸ਼ਿਤ ਕੀਤੇ।ਇਸ ਪ੍ਰੋਗਰਾਮ ਵਿੱਚ ਅਧਿਆਪਕਾਂ ਵੱਲੋਂ ਪ੍ਰਦਰਸ਼ਿਤ ਕੀਤੇ ਪ੍ਰੋਜੈਕਟਾਂ ਵਿੱਚੋਂ ਚੋਣ ਅਤੇ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿੱਚੋਂ ਚੋਣ ਕਰਨ ਲਈ ਵਿਭਾਗ ਦੇ ਪ੍ਰਿੰਸੀਪਲ/ ਹੈੱਡਮਿਸਟ੍ਰੈਸ/ ਲੈਕਚਰਾਰ ਆਦਿ ਬਤੌਰ ਜੱਜਮੈਂਟ ਅਧਿਕਾਰੀ ਨਿਯੁਕਤ ਕੀਤਾ ਗਿਆ ਸੀ। ਸਾਰੇ ਪ੍ਰੋਗਰਾਮ ਦੀ ਜੱਜਮੈਂਟ ਹੋਣ ਉਪਰੰਤ ਵੱਖ-ਵੱਖ ਕੰਪਨੈਂਟਾਂ ਅਧੀਨ ਕ੍ਰਮਵਾਰ ਕੈਟਾਗਰੀ 3-1 ਤੋਂ 3-10 ਤੱਕ ਪਹਿਲੇ ਪੁਜੀਸ਼ਨ ਸੁਖਵਿੰਦਰ ਸਿੰਘ, ਜਸਪ੍ਰੀਤ ਸਿੰਘ, ਰੋਮਿਕਾ ਵਧਵਾ, ਭਾਰਤ ਭੂਸਨ, ਸਨੀ, ਆਸ਼ੀਸ਼, ਨਰੇਸ਼ ਕੁਮਾਰ ਸ਼ਰਮਾ, ਕਮਲਜੀਤ ਸਿੰਘ ਪਟਿਆਲ ਤੇ ਦੂਜੇ ਸਥਾਨ ਉੱਤੇ ਪਰਮਿੰਦਰ ਸਿੰਘ, ਨੀਤੀਕਾ ਤਨੇਜਾ,ਸੁਖਵਿੰਦਰ ਸਿੰਘ, ਗੋਰਵੀ ਅਤੇ ਤੀਜੇ ਸਥਾਨ ਉੱਤੇ ਮਨਿੰਦਰਜੀਤ ਸਿੰਘ ਅਤੇ ਗੀਤਾ ਰਾਣੀ ਨੇ ਆਪਣੀ ਪ੍ਰਤਿਭਾ ਸਦਕਾ ਆਪਣਾ ਨਾਮ ਦਰਜ ਕਰਵਾਇਆ। ਇਸ ਮੌਕੇ ਬਲਾਕ ਨੋਡਲ ਅਫਸਰ ਦਮਨਜੀਤ ਕੌਰ ਵੱਲੋਂ ਆਏ ਹੋਏ ਸਾਰੇ ਪ੍ਰਤੀਯੋਗੀਆਂ ਦੀ ਹੌਸਲਾ ਅਫਜਾਈ ਕੀਤੀ।

ਭੋਗ 'ਤੇ ਵਿਸ਼ੇਸ਼ ਜ਼ਿੰਦਗੀ ਭਰ ਲੋਕ ਹੱਕਾਂ ਲਈ ਸੰਘਰਸ਼ਸ਼ੀਲ ਰਹੇ ਮਾਸਟਰ ਕਰਨੈਲ ਸਿੰਘ ਸੋਹੀ

ਮਾਤ ਲੋਕ 'ਤੇ ਆਏ ਹਰ ਸੱਜਣ ਨੇ ਭਾਵੇਂ ਕੁਦਰਤ ਦੇ ਅਟੱਲ ਨਿਯਮ ਅਨੁਸਾਰ ਚਲੇ ਜਾਣਾ ਹੁੰਦਾ ਹੈ, ਪਰ ਕਈ ਸੱਜਣ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਲੰਮਾ ਸਮਾਂ ਲੋਕਾਂ ਦੇ ਚੇਤਿਆਂ 'ਚ ਵਸੇ ਰਹਿੰਦੇ ਹਨ।ਅਜਿਹੀ ਹੀ ਸ਼ਖਸੀਅਤ ਦੇ ਮਾਲਕ ਸਨ ਕਾਮਰੇਡ ਕਰਨੈਲ ਸਿੰਘ ਸੋਹੀ, ਜੋ ਜ਼ਿੰਦਗੀ ਭਰ ਲੋਕ ਹੱਕਾਂ ਲਈ ਸੰਘਰਸ਼ਸ਼ੀਲ ਰਹੇ।ਸਾਦਗੀ ਤੇ ਤਿਆਗ ਦੀ ਭਾਵਨਾ ਰੱਖਣ ਵਾਲੀ ਸ਼ਖਸੀਅਤ ਕਰਨੈਲ ਸਿੰਘ ਸੋਹੀ ਦਾ ਜਨਮ 20 ਨਵੰਬਰ 1938 ਨੂੰ ਪਿਤਾ ਸ੍ਰ: ਅਜੀਤ ਸਿੰਘ ਸੋਹੀ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਪਿੰਡ ਅਲਾਲ (ਸੰਗਰੂਰ) ਵਿਖੇ ਹੋਇਆ।ਉਨ੍ਹਾਂ 1957 'ਚ ਆਰੀਆ ਹਾਈ ਸਕੂਲ ਧੂਰੀ ਤੋਂ ਦਸਵੀਂ ਜਮਾਤ ਪਾਸ ਕਰਨ ਉਪਰੰਤ 1958 'ਚ ਟਿਊਬਵੈੱਲ ਓਪਰੇਟਰ ਵਜੋਂ ਕਪੂਰਥਲਾ ਜ਼ਿਲ੍ਹੇ 'ਚ ਸੇਵਾ ਨਿਭਾਉਂਦਿਆਂ ਗਿਆਨੀ ਪਾਸ ਕੀਤੀ।ਸੰਨ 1960 'ਚ ਉਨ੍ਹਾਂ ਟਿਊਬਵੈੱਲ ਓਪਰੇਟਰਾਂ ਨੂੰ ਪੱਕੇ ਕਰਨ ਦੀ ਮੰਗ ਨੂੰ ਲੈ ਕੇ ਆਪਣੇ ਸਾਥੀਆਂ ਨਾਲ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਘਰ ਅੱਗੇ ਧਰਨਾ ਦਿੰਦਿਆਂ ਭੁੱਖ ਹੜਤਾਲ ਸ਼ੁਰੂ ਕੀਤੀ ਅਤੇ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅੰਬਾਲਾ ਜੇਲ੍ਹ 'ਚ ਭੇਜ ਦਿੱਤਾ। ਜਿੱਥੋਂ ਉਹ 42 ਦਿਨਾਂ ਦੀ ਭੁੱਖ ਹੜਤਾਲ ਮਗਰੋਂ 6 ਮਹੀਨੇ ਜੇਲ੍ਹ ਕੱਟ ਕੇ ਆਏ।ਫੇਰ ਉਨ੍ਹਾਂ ਪਿੰਡ ਬਾਲੀਆਂ ਵਿਖੇ ਸਹਿਕਾਰੀ ਬੈਂਕ 'ਚ ਨੌਕਰੀ ਕੀਤੀ ਅਤੇ 1964-65 'ਚ ਸੋਨੀਪਤ ਵਿਖੇ ਬਤੌਰ ਪੰਜਾਬੀ ਅਧਿਆਪਕ ਸੇਵਾ ਕੀਤੀ।ਪੰਜ ਭਰਾਵਾਂ ਤੇ ਤਿੰਨ ਭੈਣਾਂ 'ਚੋਂ ਦੂਜੇ ਨੰਬਰ ਦੇ ਕਾਮਰੇਡ ਸੋਹੀ ਦਾ ਵਿਆਹ 1966 'ਚ ਕਾਮਰੇਡ ਦਲੀਪ ਸਿੰਘ ਸੰਧੂ (ਨੰਗਲ) ਦੀ ਧੀ ਸੁਰਿੰਦਰ ਕੌਰ ਨਾਲ ਹੋਇਆ ਤੇ ਉਨ੍ਹਾਂ ਦੇ ਘਰ ਇੱਕ ਪੁੱਤਰ ਪਰਮਜੀਤ ਸਿੰਘ ਸੋਹੀ ਅਤੇ ਦੋ ਧੀਆਂ ਰਮਣੀਕ ਤੇ ਗਗਨਦੀਪ ਨੇ ਜਨਮ ਲਿਆ।ਪੰਜਾਬੀ ਸੂਬਾ ਬਣਨ ਮਗਰੋਂ ਉਨ੍ਹਾਂ ਪੰਜਾਬ ਆਉਣ ਤੋਂ ਬਾਅਦ ਵੱਖ ਵੱਖ ਥਾਈਂ ਪੰਜਾਬੀ ਅਧਿਆਪਕ ਵਜੋਂ ਸੇਵਾ ਨਿਭਾਈ ਤੇ 1971 'ਚ ਉਨ੍ਹਾਂ ਸਿੱਖਿਆ ਵਿਭਾਗ ਪੰਜਾਬ 'ਚ ਪੰਜਾਬੀ ਅਧਿਆਪਕ ਵਜੋਂ ਨੌਕਰੀ ਸ਼ੁਰੂ ਕੀਤੀ ਅਤੇ

ਅਧਿਆਪਕ ਵਜੋਂ ਸੇਵਾ ਨਿਭਾਉਂਦਿਆਂ ਉਨ੍ਹਾਂ ਜਿੱਥੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ 'ਚ ਸੂਬਾਈ ਆਗੂ ਵਜੋਂ ਅਧਿਆਪਕ ਵਰਗ ਦੇ ਹੱਕਾਂ ਤੇ ਹਿੱਤਾਂ ਲਈ ਕੰਮ ਕੀਤਾ, ਉਥੇ ਸਿੱਖਿਆ ਵਿਭਾਗ 'ਚੋਂ 30 ਨਵੰਬਰ 1998 ਨੂੰ ਸੇਵਾ ਮੁਕਤ ਹੋਣ ਉਪਰੰਤ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) 'ਚ ਕੰਮ ਕਰਦਿਆਂ ਮਜ਼ਦੂਰ ਹਿੱਤਾਂ ਲਈ ਟਰੇਡ ਯੂਨੀਅਨ ਕੌਂਸਲ ਧੂਰੀ ਦੀ ਅਗਵਾਈ ਕੀਤੀ ਅਤੇ ਸੀ ਪੀ ਆਈ ਦੇ ਤਹਿਸੀਲ ਸਕੱਤਰ ਤੇ ਸੂਬਾ ਕੌਂਸਲ ਦੇ ਮੈਂਬਰ ਵਜੋਂ ਪਾਰਟੀ ਸਫ਼ਾਂ 'ਚ ਕੰਮ ਕਰਦਿਆਂ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦਿਆਂ ਆਮ ਲੋਕਾਂ ਨੂੰ ਸਮਾਜਿਕ ਇਨਸਾਫ਼ ਦਿਵਾਉਣ ਲਈ ਸੰਘਰਸ਼ਸ਼ੀਲ ਆਗੂ ਵਜੋਂ ਸ਼ਲਾਘਾਯੋਗ ਭੂਮਿਕਾ ਨਿਭਾਈ।

ਜ਼ਿੰਦਗੀ ਭਰ ਲੋਕ ਹਿੱਤਾਂ ਲਈ ਸਘਰਸ਼ ਕਰਨ ਵਾਲੀ ਸ਼ਖਸੀਅਤ ਮਾਸਟਰ ਕਰਨੈਲ ਸਿੰਘ ਸੋਹੀ ਆਖਰ 87 ਵਰ੍ਹਿਆਂ ਦੀ ਉਮਰ ਭੋਗ ਕੇ ਲੰਘੇ 20 ਨਵੰਬਰ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਉਨਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦੇ ਭੋਗ ਉਪਰੰਤ ਅੰਤਿਮ ਅਰਦਾਸ 30 ਨਵੰਬਰ ਨੂੰ ਦੁਪਹਿਰ 12 ਤੋਂ 1 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨਗਰ (ਨੇੜੇ ਕੱਕੜਵਾਲ ਚੌਕ) ਧੂਰੀ (ਸੰਗਰੂਰ) ਵਿਖੇ ਹੋਵਗੀ, ਜਿੱਥੇ ਧਾਰਮਿਕ, ਸਮਾਜ ਸੇਵੀ ਤੇ ਸਿਆਸੀ ਸ਼ਖਸੀਅਤਾਂ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

-ਮਨੋਹਰ ਸਿੰਘ ਸੱਗੂ/ਮੋਹਿਤ ਗਰਗ, ਧੂਰੀ

ਹੜ੍ਹ ਪੀੜਤ ਤਿੰਨ ਦਰਜਨ ਪਰਵਾਰਾਂ ਨੂੰ ਕੰਬਲ ਤੇ ਹੋਰ ਸਾਮਾਨ ਵੰਡਿਆ

ਮੋਹਾਲੀ (ਗੁਰਜੀਤ ਬਿੱਲਾ) ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਜ਼ਿਲ੍ਹਾ ਰੋਪੜ ਦੇ ਬੇਹੱਦ ਪਿਛੜੇ ਅਤੇ ਹੜ੍ਹ-ਪੀੜਤ ਪਿੰਡ ਪਲਾਸੀ ਅਤੇ ਭਲਾਣ ਦੇ ਦੂਣ ਪਿੰਡਾਂ ਦੇ ਤਿੰਨ ਦਰਜਨ ਪਰਵਾਰਾਂ ਨੂੰ ਕਪੜੇ ਅਤੇ ਕੰਬਲ ਬੀਤੇ ਸਾਢੇ ਤਿੰਨ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਕਾਰਜਸ਼ੀਲ ਸਰਘੀ ਕਲਾ ਕੇਂਦਰ ਮੁਹਾਲੀ ਅਤੇ ਪੈਗ਼ਾਮ-ਏ-ਨਾਮਾ ਸਾਹਿਤ, ਭਾਸ਼ਾ, ਰੰਗਮੰਚ, ਲੋਕ-ਸਭਿਆਚਾਰ ਅਤੇ ਸਮਾਜ ਭਲਾਈ ਸੰਸਥਾ ਵੱਲੋਂ ਕੇਂਦਰ ਦੇ ਪ੍ਰਧਾਨ ਅਤੇ ਨਾਟਕਕਰਮੀ ਸੰਜੀਵਨ ਸਿੰਘ, ਹੜ੍ਹ-ਪੀੜਤ ਤਾਲਮੇਲ ਕਮੇਟੀ ਦੇ ਕਨਵੀਨਰ ਅਸ਼ੋਕ ਬਜਹੇੜੀ ਅਤੇ ਪੱਤਰਕਾਰ ਸੇਠੀ ਸ਼ਰਮਾ (ਅੱਪੂ) ਦੀ ਰਹਿਨੁਮਾਈ ਹੇਠ ਤਕਸੀਮ ਕੀਤੇ।ਪਿੰਡ ਵਾਸੀ ਪਰਮਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਭੋਲੀ ਦੇਵੀ ਨੇ ਦੱਸਿਆ ਕਿ ਅਸੀਂ ਦੂਣ ਦੇ ਪਿੰਡਾਂ ਵਿਚ ਦਾਦਿਆਂ-ਪੜਦਾਦਿਆਂ ਤੋਂ ਰਹਿ ਰਹੇ ਹਨ, ਪਰ ਅਸੀਂ ਹੜ੍ਹਾਂ ਦੇ ਪਾਣੀਆਂ ਦੇ ਕਹਿਰ ਝੱਲਣ ਦੇ ਨਾਲ ਨਾਲ ਬਿਜਲੀ ਵਰਗੀ ਮੁੱਢਲੀ ਸਹੂਲਤਾਂ ਨੂੰ ਵੀ ਤਰਸ ਰਹੇ ਹਾਂ।ਉਨ੍ਹਾਂ ਕਿਹਾ ਕਿ ਤਿੰਨ ਚਾਰ ਫੁੱਟਾ ਉਬੜ-ਖਾਬੜ ਤਿੰਨ ਕਿਲੋਮੀਟਰ ਰਸਤਾ ਬਰਸਾਤਾਂ ਵਿਚ ਸਾਡੇ ਲਈ ਬੇਸ਼ੁਮਾਰ ਮੁਸੀਬਤਾਂ ਲੈ ਕੇ ਆਉਂਦਾ ਹੈ। ਇਸ ਮੌਕੇ ਬਜਹੇੜੀ ਪਿੰਡ ਦੇ ਸਾਬਕਾ ਸਰਪੰਚ ਜਸਪਾਲ ਸਿੰਘ ਵਾਲੀਆ, ਅਮਰਜੀਤ ਸਿੰਘ (ਸੀ ਟੀ ਯੂ), ਸਰਘੀ ਪਰਵਾਰ ਦੇ ਗੁਰਵਿੰਦਰ ਬੈਦਵਾਣ ਅਤੇ ਸਰਬਪ੍ਰੀਤ ਸਿੰਘ ਵੀ ਨਾਲ ਸਨ।ਜ਼ਿਕਰਯੋਗ ਹੈ ਕਿ ਦੋਵਾਂ ਸੰਸਥਾਵਾਂ ਵੱਲੋਂ ਮੁਹਾਲੀ ਜ਼ਿਲ੍ਹੇ ਦੇ ਪਿੰਡ ਮੰਡੀ ਖਜੂਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਪੱਖੇ, ਲਾਜ਼ਮੀ ਦਤਾਵੇਜ਼ ਸੰਭਾਲਣ ਲਈ ਅਲਮਾਰੀ ਅਤੇ ਸਕੂਲ ਦੇ ਬੱਚਿਆਂ ਨੂੰ ਪੀਣ ਯੋਗ ਪਾਣੀ ਉਪਲਬਧ ਕਰਵਾਉਣ ਲਈ ਆਰ. ਓ. ਦੇਣ ਤੋਂ ਇਲਾਵਾ ਪਿੰਡ ਦੇ ਲੋੜਵੰਦ ਨਿਮਨ ਵਰਗ ਦੇ ਇਕ ਪ੍ਰੀਵਾਰ ਦੇ ਹੜ੍ਹ ਨਾਲ ਪੂਰੀ ਤਰਾਂ ਨੁਕਸਾਨ ਗ੍ਰਹਿਸਤ ਹੋਏ ਘਰ ਦੀ ਮੁੜ ਉਸਾਰੀ ਦੀ ਵੀ ਕੰਮ ਵੀ ਆਰੰਭਿਆ ਹੋਇਆ ਹੈ।

'ਪੁਸਤਕ ਮੇਲਾ ਤੇ ਕਲਾ ਉਤਸਵ' ਦੇ ਸੰਬੰਧੀ ਸਾਹਿਤਕਾਰਾਂ ਦੀ ਮੀਟਿੰਗ

ਮਾਹਿਲਪੁਰ (ਸਫ਼ਰੀ)- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਫਰਵਰੀ-2026 ਦੌਰਾਨ ਕਰਵਾਏ ਜਾ ਰਹੇ 'ਪੁਸਤਕ ਮੇਲਾ ਅਤੇ ਕਲਾ ਉਤਸਵ' ਸਬੰਧੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਹਿਤਕਾਰਾਂ ਦੀ ਵਿਸ਼ੇਸ਼ ਮੀਟਿੰਗ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੁਸਤਕ ਮੇਲੇ ਦੇ ਸਫਲ ਆਯੋਜਨ ਸਬੰਧੀ ਹਾਜ਼ਰ ਲੇਖਕਾਂ ਨੇ ਆਪਣੇ ਸੁਝਾਅ ਦਿੱਤੇ ਅਤੇ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਮੀਟਿੰਗ ਦੇ ਪ੍ਰਧਾਨਗੀ ਮੰਡਲ ਵਿੱਚ ਸਾਹਿਤਕਾਰ ਡਾ. ਧਰਮਪਾਲ ਸਾਹਿਲ, ਡਾ. ਜਗਤਾਰ ਮਿਸਤਰੀ ਅਤੇ ਵਾਤਾਵਰਣ ਚਿੰਤਕ ਵਿਜੇ ਬੰਬੇਲੀ ਨੇ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਹਾਜ਼ਰ ਲੇਖਕਾਂ ਲਈ ਸਵਾਗਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਾਹਿਤ ਅਤੇ ਕਲਾ ਦੇ ਪ੍ਰਚਾਰ ਅਤੇ ਵਿਦਿਆਰਥੀਆਂ ਨੂੰ ਚੰਗੇ ਸਾਹਿਤ ਨਾਲ ਜੋੜਨ ਦੇ ਉਦੇਸ਼ ਤਹਿਤ ਸੰਸਥਾ ਵੱਲੋਂ ਪਲੇਠਾ 'ਪੁਸਤਕ ਮੇਲਾ ਅਤੇ ਕਲਾ ਉਤਸਵ' ਕਰਵਾਇਆ ਜਾ ਰਿਹਾ ਹੈ ਜਿਸ ਦੀ ਯੋਜਨਾਬੰਦੀ ਲਈ ਸਾਹਿਤ ਅਤੇ ਕਲਾ ਖੇਤਰ ਦੀਆਂ ਸ਼ਖ਼ਸੀਅਤਾਂ ਦੇ ਸਮਰਥਨ ਤੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਡਾ ਧਰਮਪਾਲ ਸਾਹਿਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵੱਖ ਵੱਖ ਭਾਸ਼ਾਵਾਂ ਦੇ ਉਸਾਰੂ ਸਾਹਿਤ ਨਾਲ ਜੋੜਨ ਲਈ ਅਜਿਹੇ ਪੁਸਤਕ ਮੇਲਿਆਂ ਦਾ ਆਯੋਜਨ ਕਰਨਾ ਕਾਲਜ ਦੀ

ਦੂਰਦਰਸ਼ੀ ਸੋਚ ਨੂੰ ਦਰਸਾਂਦਾ ਹੈ। ਡਾ. ਜਗਤਾਰ ਮਿਸਤਰੀ ਨੇ ਵਿਦਿਆਰਥੀ ਜੀਵਨ ਵਿੱਚ ਕਿਤਾਬਾਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਅਜਿਹੇ ਸਮਾਰੋਹਾਂ ਨੂੰ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਲਈ ਅਹਿਮ ਦੱਸਿਆ। ਸ਼ਾਇਰ ਮਦਨ ਵੀਰਾ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਪੁਸਤਕ ਮੇਲੇ ਵਿੱਚ ਸਾਹਿਤਕਾਰਾਂ ਦੇ ਰੂ-ਬ-ਰੂ, ਕਵੀ ਦਰਬਾਰ, ਚੰਗੀਆਂ ਪੁਸਤਕਾਂ ਬਾਰੇ ਪੈਨਲ ਚਰਚਾ ਅਤੇ ਉੱਚ ਪੱਧਰੀ ਪੁਸਤਕਾਂ ਦੇ ਵਿਕਰੀ ਪ੍ਰਦਰਸ਼ਨ ਬਾਰੇ ਸੁਝਾਅ ਦਿੱਤੇ। ਪ੍ਰਸਿੱਧ ਪੰਜਾਬੀ ਗੀਤਕਾਰ ਗੁਰਮਿੰਦਰ ਕੈਂਡੋਵਾਲ, ਸ਼ਾਇਰ ਵਿਜੇ ਭੱਟੀ, ਸ਼ਾਇਰ ਜੀਵਨ ਚੰਦੇਲੀ, ਪ੍ਰਿੰ. ਸਰਬਜੀਤ ਸਿੰਘ ਨੇ ਸੰਸਥਾ ਨੂੰ ਅਜਿਹੇ ਸਮਾਰੋਹ ਕਰਵਾਉਣ ਲਈ ਚੁੱਕੇ ਜਾ ਰਹੇ ਕਦਮਾਂ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਮਾਸਟਰ ਅਰਵਿੰਦਰ ਸਿੰਘ ਹਵੇਲੀ, ਬਲਵਿੰਦਰ ਕੁਮਾਰ ਮਨੋ

ਨਵਾਂ ਜ਼ਮਾਨਾ ਐਤਵਾਰਤਾ

ਕੌਣ ਤੂੰ ਬੀਬਾ, ਕਿਸ
ਨਗਰੀ ਦਾ ਵਾਸੀ ਏਂ,
ਹੁਣ ਤਾਂ ਮੈਨੂੰ ਪੁੱਛਦਾ
ਮੇਰਾ ਸਾਇਆ ਹੈ।
- ਬੀਬਾ ਬਲਵੰਤ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 30 ਨਵੰਬਰ 2025

www.nawanzamana.in

ਕੀਮਤ 5.00 ਰੁਪਏ

ਅੰਮ੍ਰਿਤਸਰ ਸਾਹਿਤ ਉਤਸਵ
(ਆਖਰੀ ਸਫੇ 'ਤੇ)

ਕਾਰ ਧਮਾਕੇ ਦੇ ਗ਼ਰਦ-ਗ਼ੁਬਾਰ ਹੇਠ ਦੱਬੇ ਜਾ ਰਹੇ ਅਸਲ ਖ਼ਤਰੇ

ਭਾਜਪਾ ਦੀ ਅਗਵਾਈ ਹੇਠ ਕੌਮੀ ਜਮਹੂਰੀ ਗੱਠਜੋੜ ਨੇ 243 ਵਿੱਚੋਂ 202 ਸੀਟਾਂ ਜਿੱਤ ਕੇ ਵਸੋਂ ਦੇ ਲਿਹਾਜ਼ ਨਾਲ ਮੁਲਕ ਦੇ ਦੂਜੇ ਸਭ ਤੋਂ ਵੱਡੇ ਰਾਜ ਬਿਹਾਰ ਦੀ ਸੱਤਾ ਉਪਰ ਆਪਣੀ ਜਕੜ ਹੋਰ ਮਜ਼ਬੂਤ ਬਣਾ ਲਈ ਹੈ। ਹਾਲੀਆ ਚੋਣਾਂ ਵਿਚ ਕਾਂਗਰਸ ਤੇ ਰਾਸ਼ਟਰੀ ਜਨਤਾ ਦਲ ਦਾ ਸਫ਼ਾਇਆ ਹੋ ਜਾਣ ਅਤੇ ਹੋਰ ਗੱਠਜੋੜ ਭਾਈਵਾਲ ਪਾਰਟੀਆਂ ਨੂੰ ਵੀ ਕੋਈ ਖ਼ਾਸ ਕਾਮਯਾਬੀ ਨਾ ਮਿਲਣ ਕਾਰਨ 'ਮਹਾਂਗੱਠਜੋੜ' ਸਦਮੇ ਵਿਚ ਹੈ। 'ਮੁੱਖ ਧਾਰਾ' ਕਹਾਉਣ ਵਾਲਾ ਗੋਦੀ ਮੀਡੀਆ ਚੋਣ ਵਿਸ਼ਲੇਸ਼ਣਾਂ ਦੇ ਨਾਂਅ ਹੇਠ ਭਾਜਪਾ ਦੀ ਜਿੱਤ ਦੇ ਜਸ਼ਨ ਮਨਾ ਰਿਹਾ ਹੈ ਅਤੇ ਮੋਦੀ ਨੂੰ ਭਾਰਤ ਦੇ ਅਜਿਹੇ 'ਵਿਕਾਸ ਮਹਾਂਪੁਰਸ਼' ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਨੂੰ ਹੁਣ ਕੋਈ ਵੀ ਹਰਾ ਨਹੀਂ ਸਕਦਾ।

ਬੂਟਾ ਸਿੰਘ ਮਹਿਮੂਦਪੁਰ

ਬਹੁਤ ਹੀ ਚਲਾਕੀ ਨਾਲ ਉਸ ਮਹਾਂ-ਠੱਗੀ, ਰਾਜਨੀਤਕ ਧੋਖਾਧੜੀ ਅਤੇ ਹੇਰਾਫੇਰੀ ਉਪਰ ਪਰਦਾ ਪਾ ਦਿੱਤਾ ਗਿਆ ਹੈ, ਜਿਸ ਦੇ ਸਹਾਰੇ ਇਹ ਚੋਣ ਜਿੱਤੀ ਗਈ ਹੈ। ਐੱਸ ਆਈ ਆਰ (ਵੋਟਰ ਸੂਚੀ ਦੀ ਡੂੰਘੀ ਸੁਧਾਈ) ਰਾਹੀਂ ਵੋਟਾਂ ਡਿਲੀਟ ਕਰਨ ਤੋਂ ਲੈ ਕੇ ਚੋਣਾਂ ਤੋਂ ਐਨ ਪਹਿਲਾਂ ਐਲਾਨੀਆਂ ਲੋਕ-ਲੁਭਾਊ ਸਕੀਮਾਂ ਤੱਕ ਹਰ ਚੀਜ਼ ਸਵਾਲਾਂ ਦੇ ਘੇਰੇ 'ਚ ਹੈ।

ਇਸ ਮਹਾਂ-ਠੱਗੀ ਤੋਂ ਧਿਆਨ ਹਟਾਉਣ ਲਈ ਗੋਦੀ ਮੀਡੀਆ ਨੂੰ ਦਿੱਲੀ ਕਾਰ ਧਮਾਕੇ ਦਾ ਮੁੱਦਾ ਮਿਲ ਗਿਆ ਹੈ। ਗੋਦੀ ਮੀਡੀਆ ਦੇ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਅਜਿਹੇ ਕਾਂਡ ਹੀ ਰਾਸ ਆਉਂਦੇ ਹਨ। ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਗੋਦੀ ਨਿਊਜ਼ ਚੈਨਲ ਮੀਡੀਆ ਟਰਾਇਲ ਰਾਹੀਂ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦੇਣਾ ਸ਼ੁਰੂ ਕਰ ਦਿੰਦੇ ਹਨ। ਇਸ ਦਰਮਿਆਨ ਕੁਝ ਕੁ ਸੰਜੀਦਾ ਮੀਡੀਆ ਹਿੱਸੇ ਹੀ ਉਨ੍ਹਾਂ ਖ਼ਤਰਿਆਂ ਬਾਰੇ ਲੋਕਾਂ ਨੂੰ ਚੁਕੰਨੇ ਕਰ ਰਹੇ ਹਨ, ਜੋ ਮੋਦੀ-ਅਮਿਤ ਸ਼ਾਹ ਦੀ ਅਗਵਾਈ ਹੇਠ ਮੁਲਕ ਉਪਰ ਆਰ ਐੱਸ ਐੱਸ-ਭਾਜਪਾ ਦੀ ਮਜ਼ਬੂਤ ਹੁੰਦੇ ਜਾਣ ਨਾਲ ਸਪੱਸ਼ਟ ਉਭਰਦੇ ਦੇਖੇ ਜਾ ਸਕਦੇ ਹਨ। ਭਗਵਾ ਹਕੂਮਤ ਹੇਠ ਦਨਦਨਾ ਰਹੇ ਹਿੰਦੂਤਵ ਫਾਸ਼ੀਵਾਦ ਬਾਰੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਹੋਣ ਦੇ ਬਾਵਜੂਦ ਇੱਥੇ ਕੁਝ ਕੁ ਤਾਜ਼ਾ ਘਟਨਾਵਾਂ ਉਪਰ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ, ਜੋ ਜ਼ਮੀਨੀ ਪੱਧਰ 'ਤੇ ਬਣ ਰਹੀ ਬੇਹੱਦ ਚਿੰਤਾਜਨਕ ਹਾਲਾਤ ਦੀ ਵੰਨਗੀ ਪੇਸ਼ ਕਰਦੀਆਂ ਹਨ।

* ਬਿਹਾਰ ਚੋਣਾਂ 'ਚ ਭਾਜਪਾ ਦੀ ਜਿੱਤ ਦਾ ਐਲਾਨ ਹੁੰਦੇ ਸਾਰ ਅਸਾਮ ਵਿਚ ਭਾਜਪਾ ਸਰਕਾਰ ਦੇ ਕੈਬਿਨਟ ਮੰਤਰੀ ਅਸ਼ੋਕ ਸਿੰਘਲ ਨੇ ਫੁੱਲਗੋਭੀ ਦੇ ਖੇਤਾਂ ਦੀ ਤਸਵੀਰ ਸਾਂਝੀ ਕਰਦਿਆਂ ਉਸ ਨੂੰ ਕੈਪਸ਼ਨ ਦਿੱਤੀ: 'ਬਿਹਾਰ ਨੇ ਗੋਭੀ ਦੀ ਖੇਤੀ ਨੂੰ ਮਨਜ਼ੂਰੀ ਦਿੱਤੀ।'

'ਗੋਭੀ ਦੀ ਖੇਤੀ' ਕੀ ਹੈ? ਇਸ ਦਾ ਮਤਲਬ ਅਕਤੂਬਰ-ਨਵੰਬਰ 1989 'ਚ ਬਿਹਾਰ ਦੇ ਭਾਗਲਪੁਰ ਵਿਚ ਹੋਇਆ ਕਤਲੇਆਮ ਹੈ। ਸਿਰ ਤੋਂ ਪੈਰਾਂ ਤੱਕ ਮੁਸਲਿਮ ਵਿਰੋਧੀ ਨਫ਼ਰਤ ਨਾਲ ਗੜੁੱਚ ਭਗਵਾ ਆਗੂ ਕਤਲੇਆਮ ਦੀ ਜੈ-ਜੈਕਾਰ 'ਗੋਭੀ ਦੀ ਖੇਤੀ' ਵਜੋਂ ਕਰਦੇ ਦੇਖੇ ਜਾ ਸਕਦੇ ਹਨ। ਰਾਮ-ਜਨਮ ਭੂਮੀ ਅੰਦੋਲਨ ਦੇ ਮਾਹੌਲ ਵਿਚ ਕੀਤੇ ਗਏ ਉਸ ਕਤਲੇਆਮ ਵਿਚ ਸੈਂਕੜੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਰਾਮ ਜਨਮ ਭੂਮੀ ਅੰਦੋਲਨ ਜ਼ਰੀਏ ਹਿੰਦੂ ਫਿਰਕੇ ਦਾ ਭਗਵਾਕਰਨ ਕੀਤਾ ਗਿਆ। ਗਿਣੀ-ਮਿੱਥੀ ਸਾਜ਼ਿਸ਼ ਤਹਿਤ ਸੈਂਕੜੇ ਹਿੰਦੂ ਵਿਦਿਆਰਥੀਆਂ ਨੂੰ ਕਤਲ ਕਰਕੇ ਦਫ਼ਨਾਏ ਜਾਣ ਦੀਆਂ ਝੂਠੀਆਂ ਅਫ਼ਵਾਹਾਂ ਫੈਲਾ ਕੇ ਮੁਸਲਮਾਨ-ਵਿਰੋਧੀ ਨਫ਼ਰਤ ਅਤੇ ਬੇਵਿਸ਼ਵਾਸੀ ਦਾ ਮਾਹੌਲ ਬਣਾਇਆ ਗਿਆ। ਭਾਗਲਪੁਰ ਵਿਚ ਦੋ ਮਹੀਨੇ ਤੋਂ ਵੱਧ ਸਮਾਂ ਚੱਲੀ ਹਿੰਸਾ ਦੇ ਨਤੀਜੇ ਵਜੋਂ ਤਕਰੀਬਨ 1,070 ਲੋਕ ਮਾਰੇ ਗਏ ਅਤੇ 524 ਜ਼ਖ਼ਮੀ ਹੋਏ। 195 ਪਿੰਡਾਂ ਵਿਚ 11,500 ਘਰ ਤਬਾਹ ਹੋ ਗਏ, ਜਿਸ ਨਾਲ 48,000 ਲੋਕ ਬੇਘਰ ਹੋ ਗਏ। ਇਸ ਤੋਂ ਇਲਾਵਾ 68 ਮਸਜਿਦਾਂ ਅਤੇ 20 ਮਜ਼ਾਰ ਵੀ ਤਬਾਹ ਕਰ ਦਿੱਤੇ ਗਏ। ਮਾਰੇ ਗਏ ਜ਼ਿਆਦਾਤਰ (93 ਫੀਸਦੀ ਦੇ ਕਰੀਬ) ਮੁਸਲਮਾਨ ਸਨ। ਇੱਥੇ ਲੋਗੇਨ ਕਤਲੇਆਮ ਵਿਚ 116 ਮੁਸਲਮਾਨਾਂ ਨੂੰ ਕਤਲ ਕਰਕੇ ਸਬੂਤ ਮਿਟਾਉਣ ਲਈ ਲਾਸ਼ਾਂ ਖੇਤ ਵਿਚ ਦੱਬ ਕੇ ਉਪਰ ਗੋਭੀ ਦੇ ਪੌਦੇ ਲਗਾ ਦਿੱਤੇ ਗਏ ਸਨ। ਉਸੇ ਨੂੰ ਭਾਜਪਾ ਆਗੂ 'ਗੋਭੀ ਦੀ ਖੇਤੀ' ਵਜੋਂ ਪ੍ਰਚਾਰ ਕੇ ਮੁਸਲਮਾਨ ਭਾਈਚਾਰੇ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਪੂਰੇ ਮੁਲਕ ਉਪਰ ਸੱਤਾਧਾਰੀ ਹੋਣ ਕਾਰਨ ਹੁਣ ਤਾਂ ਅਸੀਂ ਤੁਹਾਡੇ ਨਾਲ ਕੁਝ ਵੀ ਕਰ ਸਕਦੇ ਹਾਂ।

ਭਾਗਲਪੁਰ ਰੇਸ਼ਮ ਉਦਯੋਗ ਦਾ ਮਸ਼ਹੂਰ ਕੇਂਦਰ ਸੀ, ਜਿਸ ਦਾ ਧੁਰਾ ਮੁਸਲਮਾਨ ਕਿਰਤੀ ਸਨ। ਹਿੰਦੂਤਵ ਫਿਰਕਾਪ੍ਰਸਤਾਂ ਦਾ ਖ਼ਾਸ ਨਿਸ਼ਾਨਾ ਮੁਸਲਮਾਨ ਭਾਈਚਾਰੇ ਨੂੰ ਆਰਥਕ ਤੌਰ 'ਤੇ ਸੱਟ ਮਾਰਨਾ ਵੀ ਹੈ। ਮੁਸਲਮਾਨਾਂ ਵਿਰੋਧੀ ਹਿੰਸਾ ਵਿਚ 600 ਪਾਵਰ ਲੂਮ ਅਤੇ 1,700 ਹੱਥ-ਖੱਡੀਆਂ ਸਾੜ ਦਿੱਤੀਆਂ ਗਈਆਂ, ਜਿਸ ਕਾਰਨ ਇਸ ਕਾਰੋਬਾਰ ਵਿਚ ਲੱਗੇ ਲੋਕਾਂ ਦੀ ਰੋਜ਼ੀ-ਰੋਟੀ ਖ਼ਤਮ ਹੋ ਗਈ। ਕਥਿਤ ਦੰਗੇ ਉਨ੍ਹਾਂ ਲਈ ਜਾਨਾਂ ਦੇ ਖ਼ੌਅ ਦੇ ਨਾਲ-ਨਾਲ ਭਾਰੀ ਆਰਥਕ ਤਬਾਹੀ ਵੀ ਲੈ ਕੇ ਆਏ। ਬਿਹਾਰ ਜਿੱਤ ਦੀ ਵਿਆਖਿਆ ਇਕ ਘਿਣਾਉਣੇ ਕਤਲੇਆਮ ਦੇ ਹਵਾਲੇ ਨਾਲ ਕਰਨ ਤੋਂ ਭਾਜਪਾ ਲੀਡਰਸ਼ਿਪ ਦੀ ਫਿਰਕੂ ਜ਼ਹਿਰ ਨਾਲ ਡੰਗੀ ਮਾਨਸਿਕਤਾ ਸਾਫ਼ ਸਮਝੀ ਜਾ ਸਕਦੀ ਹੈ। ਫਿਰਕੂ ਸਦਭਾਵਨਾ ਦੇ ਪ੍ਰਤੀਕ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਵਾਲੀਆਂ ਕਥਿਤ ਸੁਰੱਖਿਆ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਨੂੰ ਇਹ ਫਿਰਕੂ ਜ਼ਹਿਰ ਨਜ਼ਰ ਨਹੀਂ ਆਉਂਦੀ।

* ਯੂ ਪੀ ਦੀ ਸੱਤਾ ਉਪਰ ਕਾਬਜ਼ ਮਹੰਤ ਅਦਿੱਤਿਆਨਾਥ ਸਰਕਾਰ ਨੇ ਅਖ਼ਲਾਕ ਲਿੰਚਿੰਗ ਕਾਂਡ ਦੇ ਦੋਸ਼ੀਆਂ ਵਿਰੁੱਧ ਦਰਜ ਸਾਰੇ ਮੁਕੱਦਮੇ ਵਾਪਸ ਲੈ ਕੇ ਹਜ਼ੂਮੀ ਹਿੰਸਾ ਨੂੰ ਭਾਜਪਾ ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਦੀ ਇਕ ਹੋਰ ਮਿਸਾਲ ਪੇਸ਼ ਕੀਤੀ ਹੈ। ਇਸ ਤੋਂ ਪਹਿਲਾਂ ਵੀ ਹਿੰਦੂਤਵੀ ਦਹਿਸ਼ਤੀ ਗਰੋਹਾਂ, ਹਜ਼ੂਮੀ ਕਤਲਾਂ ਤੇ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਅਤੇ ਬਲਾਤਕਾਰੀਆਂ ਦੀਆਂ ਸਜ਼ਾਵਾਂ ਮਾਫ਼ ਕਰਨ, ਜੇਲ੍ਹਾਂ ਵਿੱਚੋਂ ਬਾਹਰ ਆਉਣ 'ਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਅਤੇ ਸਟਾਰ ਚਿਹਰਿਆਂ ਵਜੋਂ ਉਭਾਰਨ ਦਾ ਘਿਣਾਉਣਾ ਸਿਲਸਿਲਾ ਹੈ।

ਇਹ ਕੇਸ ਗੌਤਮ ਬੁੱਧ ਨਗਰ ਦੀ ਸੈਸ਼ਨ ਕੋਰਟ 'ਚ ਚੱਲ ਰਿਹਾ ਹੈ। 'ਆਊਟਲੁਕ' ਰਸਾਲੇ ਨੇ ਰਿਪੋਰਟ ਦਿੱਤੀ ਹੈ ਕਿ ਸਰਕਾਰ ਨੇ ਸੈਸ਼ਨ ਕੋਰਟ ਵਿਚ ਦੋਸ਼ੀਆਂ ਵਿਰੁੱਧ ਸਾਰੇ ਦੋਸ਼ ਵਾਪਸ ਲੈਣ ਲਈ ਅਰਜ਼ੀ ਦਿੱਤੀ ਹੈ। ਰਿਪੋਰਟ ਮੁਤਾਬਕ, ਇਹ ਵਾਪਸੀ ਅਰਜ਼ੀ 15 ਅਕਤੂਬਰ ਨੂੰ ਗੌਤਮ ਬੁੱਧ ਨਗਰ ਦੇ ਸਹਾਇਕ ਜ਼ਿਲ੍ਹਾ ਸਰਕਾਰੀ ਵਕੀਲ ਵੱਲੋਂ ਦਾਇਰ ਕੀਤੀ ਗਈ, ਜਿਸ ਨੇ ਰਾਜ ਸਰਕਾਰ ਦੇ ਹੁਕਮਾਂ (26 ਅਗਸਤ ਦੀ ਚਿੱਠੀ) 'ਤੇ ਇਹ ਕਾਰਵਾਈ ਕੀਤੀ ਹੈ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਰਾਜਪਾਲ ਨੇ ਮੁਕੱਦਮਾ ਵਾਪਸ ਲੈਣ ਲਈ ਲਿਖਤੀ ਮਨਜ਼ੂਰੀ ਦੇ ਦਿੱਤੀ ਹੈ।

28 ਸਤੰਬਰ 2015 ਨੂੰ ਦਾਦਰੀ ਦੇ ਬਿਸਾੜਾ ਪਿੰਡ ਵਿਚ ਮੰਦਰ ਦੇ ਲਾਊਡ ਸਪੀਕਰ ਤੋਂ ਪੁਜਾਰੀ ਵੱਲੋਂ ਇਹ ਅਨਾਊਂਸਮੈਂਟ ਕੀਤੀ ਗਈ ਸੀ ਕਿ ਮੁਹੰਮਦ ਅਖ਼ਲਾਕ ਨੇ ਗਊੜ ਹੱਤਿਆ ਕਰਕੇ ਉਸ ਦਾ ਮਾਸ ਆਪਣੀ ਫਰਿੱਜ਼ ਵਿਚ ਰੱਖਿਆ ਹੋਇਆ ਹੈ। ਭੀੜ ਇਕੱਠੀ ਹੋ ਗਈ। ਅਖ਼ਲਾਕ ਅਤੇ ਉਸ ਦੇ ਪੁੱਤਰ ਦਾਨਿਸ਼ ਨੂੰ ਘਰ 'ਚੋਂ ਧੂਹ ਕੇ ਬਾਹਰ ਕੱਢ ਲਿਆ ਅਤੇ ਬੇਰਹਿਮੀ ਨਾਲ ਲਹੂ-ਲੁਹਾਣ ਕਰਕੇ ਮਰਨ ਲਈ ਸੁੱਟ ਦਿੱਤਾ ਗਿਆ। ਅਖ਼ਲਾਕ ਦੀ ਮੌਤ ਹੋ ਗਈ। ਗੰਭੀਰ ਰੂਪ 'ਚ ਜ਼ਖ਼ਮੀ ਉਸ ਦੇ ਪੁੱਤਰ ਦੀ ਜਾਨ ਬਚ ਗਈ, ਪਰ ਉਹ ਉਦੋਂ ਤੋਂ ਹੀ ਹਿੰਦੂਤਵੀ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ।

ਦੇਸ਼-ਬਦੇਸ਼ ਵਿਚ ਇਸ ਹਜ਼ੂਮੀ ਕਤਲ ਦਾ ਜ਼ੋਰਦਾਰ ਵਿਰੋਧ ਹੋਇਆ। ਪੂਰੇ ਮੁਲਕ ਵਿਚ 'ਨਾਟ ਇਨ ਮਾਈ ਨੇਮ' (ਮੇਰੇ ਨਾਂਅ 'ਤੇ ਨਹੀਂ) ਵਿਰੋਧ ਪ੍ਰਦਰਸ਼ਨ ਹੋਏ, ਜਿਨ੍ਹਾਂ ਵਿਚ ਵਧ ਰਹੀ ਹਿੰਦੂਤਵੀ ਹਜ਼ੂਮੀ ਹਿੰਸਾ ਦੀ ਨਿੰਦਾ ਕੀਤੀ ਗਈ। ਇਸ ਦਬਾਅ ਹੇਠ ਸਰਕਾਰ ਨੂੰ ਕਤਲ ਅਤੇ ਭਾਈਚਾਰਿਆਂ ਦਰਮਿਆਨ ਵੈਰ-ਭਾਵਨਾ ਭੜਕਾਉਣ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕਰਨੇ ਪਏ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਵੀ ਕਰਨਾ ਪਿਆ। ਬਾਅਦ ਵਿਚ ਭਗਵਾ ਹਕੂਮਤ ਵਾਲੇ ਰਾਜਾਂ ਵਿਚ ਗਊ-ਰੱਖਿਆ ਦੇ ਨਾਂਅ 'ਤੇ ਚੌਕਸੀ ਮੁਹਿਮ, ਹਜ਼ੂਮੀ ਹਿੰਸਾ ਅਤੇ ਮੁਸਲਮਾਨਾਂ ਵਿਰੁੱਧ ਫਿਰਕੂ ਦੁਸ਼ਮਣੀ ਆਮ ਬਣਾ ਦਿੱਤੀ ਗਈ। ਦੇਸ਼-ਬਦੇਸ਼ ਵਿਚ ਚਰਚਿਤ ਕੇਸ ਹੋਣ ਦੇ ਬਾਵਜੂਦ ਆਦਿਤਿਆਨਾਥ ਵੱਲੋਂ ਸੱਤਾ ਵਿਚ ਆ ਕੇ ਦੋਸ਼ੀਆਂ ਨੂੰ ਬਚਾਉਣ ਲਈ ਪੂਰਾ ਤਾਣ ਲਾ ਦਿੱਤਾ ਗਿਆ। ਸਥਾਨਕ ਭਾਜਪਾ ਆਗੂ ਸੰਜੈ ਰਾਣਾ ਦੇ ਛੋਕਰੇ ਵਿਸ਼ਾਲ ਰਾਣਾ ਸਮੇਤ ਕਤਲ ਦੇ ਦੋਸ਼ੀ 18

ਵਿਅਕਤੀਆਂ ਨੂੰ ਸਤੰਬਰ 2017 ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਅਖ਼ਲਾਕ ਦਾ ਪਰਵਾਰ ਦਹਿਸ਼ਤਜ਼ਦਾ ਹੋ ਕੇ ਉੱਥੋਂ ਚਲਾ ਗਿਆ। ਆਖਿਰਕਾਰ ਹੁਣ ਅਦਿੱਤਿਆਨਾਥ ਸਰਕਾਰ ਨੇ 'ਨਾਕਾਫ਼ੀ ਸਬੂਤ', 'ਪਰਵਾਰ ਨੇ ਬਿਆਨ ਬਦਲੇ, ਉਹ ਦੁਸ਼ਮਣੀ ਨਹੀਂ ਰੱਖਣਾ ਚਾਹੁੰਦੇ' ਦੇ ਬਹਾਨੇ ਕੇਸ ਨੂੰ ਬੰਦ ਕਰ ਦਿੱਤਾ ਹੈ। ਇਹ ਸਪੱਸ਼ਟ ਸੰਦੇਸ਼ ਹੈ ਕਿ ਹਜ਼ੂਮੀ ਕਤਲਾਂ ਸੰਬੰਧੀ ਕੋਈ ਨਿਆਂ ਨਹੀਂ ਹੋਵੇਗਾ।

* 10 ਨਵੰਬਰ ਨੂੰ ਦਿੱਲੀ ਵਿਚ ਹੋਏ 'ਕਾਰ ਧਮਾਕਾ ਕਾਂਡ' ਦੀ ਜਾਂਚ ਅਜੇ ਸ਼ੁਰੂ ਵੀ ਨਹੀਂ ਸੀ ਹੋਈ ਕਿ 'ਮੁੱਖ ਧਾਰਾ' ਵੱਲੋਂ ਬਣੀ-ਬਣਾਈ ਮਾਨਸਿਕਤਾ ਦੇ ਆਧਾਰ 'ਤੇ ਪੂਰੇ ਮੁਸਲਮਾਨ ਭਾਈਚਾਰੇ ਵਿਰੁੱਧ ਜ਼ਹਿਰੀਲੀ ਮੁਹਿਮ ਵਿੱਢ ਦਿੱਤੀ ਗਈ। ਇਸ ਮੁਹਿਮ ਨੇ ਹਰ ਥਾਂ ਹੀ ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਸ਼ੱਕ ਦੇ ਘੇਰੇ 'ਚ ਲਿਆਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜਾਂਚ ਏਜੰਸੀਆਂ ਵੱਲੋਂ ਘਟਨਾ ਦੇ ਤੱਥ ਇਕੱਠੇ ਕਰਨ ਤੋਂ ਪਹਿਲਾਂ ਹੀ ਦੋਸ਼ੀ ਠਹਿਰਾਉਣ ਦੀ ਸੁਭਾਵਿਕ ਰਾਸ਼ਟਰੀ ਪ੍ਰਵਿਰਤੀ ਨੇ ਸਿਰ ਚੁੱਕ ਲਿਆ। ਕਾਰ ਧਮਾਕਾ ਹੋਣ ਤੋਂ ਕੁਝ ਮਿੰਟਾਂ ਦੇ ਅੰਦਰ ਹੀ, ਜਦੋਂ ਅਜੇ ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਕਰਦੀ ਕੋਈ ਅਧਿਕਾਰਤ ਜਾਣਕਾਰੀ ਵੀ ਜਾਰੀ ਨਹੀਂ ਸੀ ਕੀਤੀ ਗਈ, ਟੈਲੀਵਿਜ਼ਨ ਚੈਨਲਾਂ ਨੇ 'ਇਸਲਾਮਿਕ ਗਰੁੱਪਾਂ' ਬਾਰੇ ਅਟਕਲਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ, ਗੁੰਮਨਾਮ ਸੋਸ਼ਲ ਮੀਡੀਆ ਖ਼ਾਤਿਆਂ ਨੇ ਮੁਸਲਿਮ ਨਾਂਅ ਫੈਲਾਉਣੇ ਸ਼ੁਰੂ ਕਰ ਦਿੱਤੇ ਅਤੇ ਨਿਊਜ਼ ਚੈਨਲਾਂ ਨੇ ਆਪੇ ਬਣੇ ਤਬਸਰਾਕਾਰਾਂ ਨੂੰ ਨਿਊਜ਼ ਰੂਮਾਂ ਵਿਚ ਸੱਦ ਕੇ ਇਹ ਬਿਰਤਾਂਤ ਚਲਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਘਟਨਾ ਮੁਸਲਿਮ ਦਹਿਸ਼ਤਵਾਦ ਦੇ 'ਜਾਣੇ-ਪਛਾਣੇ ਪੈਟਰਨ' ਨੂੰ ਦਰਸਾਉਂਦੀ ਹੈ ਅਤੇ ਇਹ 'ਚਿੱਟ-ਕਾਲਰੀਆ ਦਹਿਸ਼ਤੀ ਮਡਿਊਲ' ਵਧੇਰੇ ਖ਼ਤਰਨਾਕ ਸਾਜ਼ਿਸ਼ ਹੈ।

ਲਗਭਗ ਇਸੇ ਹੀ ਸਮੇਂ ਯੂ ਪੀ ਦੇ ਗਾਜ਼ੀਆਬਾਦ ਵਿਚ ਬਜਰੰਗ ਦਲ ਨਾਲ ਜੁੜੇ ਰਾਮ ਨਾਂਅ ਦੇ ਵਿਅਕਤੀ ਦੇ ਘਰੋਂ ਬਹੁਤ ਵੱਡੀ ਮਾਤਰਾ ਵਿਚ ਹਥਿਆਰ ਅਤੇ ਵਿਸਫੋਟਕ ਸਮੱਗਰੀ ਫੜੀ ਗਈ। ਗੋਦੀ ਮੀਡੀਆ ਨੇ ਉਹ ਖ਼ਬਰ ਹੀ ਦਬਾ ਦਿੱਤੀ। ਗੋਦੀ ਮੀਡੀਆ ਤਾਂ ਸਰਕਾਰੀ ਬਿਰਤਾਂਤ ਦਾ ਧੂਤੂ ਹੈ ਹੀ, ਮਿਆਰੀ ਰਿਪੋਰਟਿੰਗ ਲਈ ਮਸ਼ਹੂਰ ਮੁੱਖ ਅੰਗਰੇਜ਼ੀ ਅਖ਼ਬਾਰ ਵੀ ਤੱਥਾਂ ਦੀ ਤਹਿ ਵਿਚ ਜਾਏ ਬਿਨਾਂ ਹੀ ਸਰਕਾਰੀ ਪ੍ਰੈੱਸ ਨੋਟਾਂ ਨੂੰ ਪਹਿਲੇ ਪੰਨੇ ਦੀਆਂ ਖ਼ਬਰਾਂ ਦੇ ਰੂਪ ਵਿਚ ਧੜਾਧੜ ਛਾਪ ਰਹੇ ਹਨ। 'ਮੁੱਖ ਧਾਰਾ' ਮੀਡੀਆ ਇਸ ਸਭ ਤੋਂ ਮਹੱਤਵਪੂਰਨ ਸਵਾਲ ਬਾਰੇ ਖ਼ਾਮੋਸ਼ ਹੈ ਕਿ ਮੋਦੀ-ਸ਼ਾਹ ਹਕੂਮਤ ਦਾ ਦਾਅਵਾ ਹੈ ਕਿ ਉਨ੍ਹਾਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਕਥਿਤ ਦਹਿਸ਼ਤਵਾਦ ਦੀ ਕਮਰ ਤੋੜ ਦਿੱਤੀ ਹੈ, ਤਾਂ ਫਿਰ ਪੜ੍ਹੇ-ਲਿਖੇ ਕਸ਼ਮੀਰੀ ਨੌਜਵਾਨ ਆਪਣੀਆਂ ਜਾਨਾਂ 'ਤੇ ਖੇਡ ਕੇ ਫ਼ਿਦਾਇਨ ਕਿਉਂ ਬਣਦੇ ਹਨ? ਮੋਦੀ ਹਕੂਮਤ ਦੀ ਭਾਸ਼ਾ ਦੱਸਦੀ ਹੈ ਕਿ ਇਹ ਕਾਰ ਧਮਾਕੇ ਦੇ ਬਹਾਨੇ ਕਸ਼ਮੀਰੀ ਲੋਕਾਂ ਉਪਰ ਜਬਰ-ਜ਼ੁਲਮ ਹੋਰ ਤਿੱਖਾ ਕਰਨ ਦੇ ਰਾਹ ਪੈ ਤੁਰੀ ਹੈ। ਘਾਟੀ ਵਿਚ 650 ਤੋਂ ਵੱਧ ਕਸ਼ਮੀਰੀਆਂ ਨੂੰ ਹਿਰਾਸਤ ਵਿਚ ਲੈਣ ਦੀਆਂ ਰਿਪੋਰਟਾਂ ਹਨ।

ਇਹ ਬਿਰਤਾਂਤ ਕਥਿਤ ਮੁੱਖ ਧਾਰਾ ਸਿਆਸਤ ਵੱਲੋਂ ਬਣਾਏ ਰਾਸ਼ਟਰਵਾਦੀ ਮਾਹੌਲ, ਖ਼ਾਸ ਕਰਕੇ ਪਿਛਲੇ ਇਕ ਦਹਾਕੇ ਵਿਚ ਕੀਤੀ ਫਿਰਕੂ ਪਾਲਾਬੰਦੀ ਦੀ ਉਪਜ ਹੈ, ਜਿਸ ਵਿਚ ਭਾਰਤ ਦੇ ਮੁਸਲਮਾਨਾਂ 'ਤੇ ਨਾ ਸਿਰਫ਼ ਉਹ ਜੁਰਮ ਮੜ੍ਹੇ ਗਏ, ਜੋ ਉਨ੍ਹ

ਦਲਬਦਲੂਆਂ ਤੇ ਮੌਕਾ-ਪ੍ਰਸਤਾਂ ਦੀ ਮਾਰ ਤੋਂ ਕਿੱਦਾਂ ਬਚਣਗੀਆਂ ਰਾਜ ਦੀ ਸੱਤਾ ਲਈ ਲੜਦੀਆਂ ਧਿਰਾਂ!

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਬਹੁਤ ਸਾਰੇ ਲੋਕ ਸਾਨੂੰ ਇਹੋ ਜਿਹੇ ਸਵਾਲਾਂ ਵਿੱਚ ਫਸਾ ਦੇਂਦੇ ਹਨ, ਜਿਨ੍ਹਾਂ ਦਾ ਜਵਾਬ ਜਾਂ ਤਾਂ ਹੁੰਦਾ ਨਹੀਂ ਤੇ ਜਾਂ ਫਿਰ ਇਹੋ ਜਿਹਾ ਹੁੰਦਾ ਹੈ, ਜਿਹੜਾ ਖੜੇ ਪੈਰ ਦਿੱਤਾ ਨਹੀਂ ਜਾ ਸਕਦਾ। ਇਸ ਦੇ ਕਈ ਕਾਰਨ ਹੁੰਦੇ ਹਨ। ਫਰਜ਼ ਕਰੋ ਕਿ ਤੁਸੀਂ ਕਿਸੇ ਵਿਆਹ-ਸ਼ਾਦੀ ਮੌਕੇ ਬਹੁਤ ਸਾਰੇ ਹੋਰ ਲੋਕਾਂ ਵਾਂਗ ਮਹਿਮਾਨ ਬਣ ਕੇ ਗਏ ਹੋਵੋ ਅਤੇ ਮੁੰਡੇ-ਕੁੜੀ ਨੂੰ ਸ਼ਗਨ ਪਾਉਣ ਲੋਕਾਂ ਦੀ ਲਾਈਨ ਵਿੱਚ ਖੜੋਤੇ ਹੋਵੋ ਤੇ ਕੋਈ ਪਿੱਛੇ ਜਾਂ ਅੱਗੇ ਖੜਾ ਵਿਅਕਤੀ ਕੰਨ ਦੇ ਕੋਲ ਮੂੰਹ ਕਰੇ ਅਤੇ ਕਹਿ ਦੇਵੇ ਕਿ ਤੁਹਾਡਾ ਕੀ ਖਿਆਲ ਹੈ ਕਿ ਸ਼ਗਨ ਦੀ ਰਸਮ ਹੋਣੀ ਠੀਕ ਹੈ ਜਾਂ ਨਹੀਂ? ਏਦਾਂ ਦੇ ਸਵਾਲ ਬਾਰੇ ਤੁਸੀਂ ਖੜੇ ਪੈਰ ਕੀ ਕਹਿ ਸਕਦੇ ਹੋ? ਸਿਆਣੇ ਸੱਜਣ ਏਦਾਂ ਦੇ ਸਵਾਲ ਦਾ ਜਵਾਬ ਕਈ ਵਾਰ ਸਵਾਲ ਕਰਨ ਵਾਲੇ ਵਾਂਗ ਹੀ ਉਸ ਦੇ ਕੰਨ ਨਾਲ ਮੂੰਹ ਜੋੜ ਕੇ ਦੇ ਦਿੱਤਾ ਕਰਦੇ ਸਨ, ਪਰ ਅੱਜਕੱਲ੍ਹ ਜਦੋਂ ਹਰ ਪਾਸੇ ਹਰ ਗੱਲ ਰਿਕਾਰਡਿੰਗ ਕਰ ਰਹੇ ਕੈਮਰੇ ਲੱਗੇ ਹੋਣ, ਜਵਾਬ ਵਿੱਚ ਕਹੀ ਗੱਲ ਠੀਕ ਹੁੰਦੇ ਹੋਏ ਵੀ ਇੱਕ ਜਾਂ ਦੂਸਰੇ ਪੱਖੋਂ ਵੱਡੀ ਚਰਚਾ ਦਾ ਮੁੱਦਾ ਬਣ ਸਕਦੀ ਹੈ। ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਹੈ, ਉਹ ਇਹੋ ਜਿਹੇ ਮੌਕੇ ਟਾਲਣ ਲਈ ਕੋਈ ਬਹਾਨਾ ਵਰਤ ਕੇ ਸਾਰ ਸਕਦੇ ਹਨ, ਪਰ ਸਾਰੇ ਏਦਾਂ ਨਹੀਂ ਸੋਚ ਸਕਦੇ। ਕੈਮਰੇ ਨਾ ਵੀ ਵੇਖਦੇ ਹੋਣ ਤਾਂ ਇਹ ਮੌਕਾ ਇਹੋ ਜਿਹੇ ਸਵਾਲ ਦਾ ਜਵਾਬ ਦੇਣ ਦਾ ਨਹੀਂ ਹੁੰਦਾ, ਕਿਉਂਕਿ ਜੇ ਤੁਸੀਂ ਇਸ ਰਸਮ ਦਾ ਵਿਰੋਧ ਕਰੋ ਤਾਂ ਅਗਲਾ ਜਾਣਬੁੱਝ ਕੇ ਜਾਂ ਸਹਿਜ-ਸੁਭਾਅ ਉੱਚੀ ਆਵਾਜ਼ ਵਿੱਚ ਪੁੱਛ ਸਕਦਾ ਹੈ ਕਿ ਫਿਰ ਤੁਸੀਂ ਖੁਦ ਕਿਉਂ ਸ਼ਗਨ ਪਾਉਣ ਲੱਗੇ ਹੋ ਅਤੇ ਜੇ 'ਸਭ ਚਲਦਾ ਹੈ' ਕਹਿ ਕੇ ਬੁੱਤਾ ਸਾਰਦੇ ਹੋ ਤਾਂ ਉਹ ਚਾਰ ਸਵਾਲ ਹੋਰ ਕਰਨ ਲੱਗ ਸਕਦਾ ਹੈ। ਇਹੋ ਗੱਲ ਰਾਜਨੀਤਕ ਖੇਤਰ ਵਿੱਚ ਹੁੰਦੇ ਕਈ ਕੰਮਾਂ ਬਾਰੇ ਉੱਠ ਰਹੇ ਸਵਾਲਾਂ ਬਾਰੇ ਕਹੀ ਜਾ ਸਕਦੀ ਹੈ ਕਿ ਹਰ ਗੱਲ ਦਾ ਜਵਾਬ ਹਰ ਸਮੇਂ ਦਿੱਤਾ ਜਾਣਾ ਸੌਖਾਲਾ ਨਹੀਂ ਹੁੰਦਾ।

ਬੀਤੇ ਦਿਨੀਂ ਪੰਜਾਬ ਦੀ ਇੱਕ ਵੱਡੀ ਰਾਜਸੀ ਧਿਰ ਦੇ ਇੱਕ ਆਗੂ ਆਪਣੇ ਕਿਸੇ ਆਗੂ ਦੇ ਪਰਵਾਰ ਵਿੱਚ ਵਿਆਹ ਮੌਕੇ ਹਾਜ਼ਰੀ ਭਰਨ ਗਏ ਤਾਂ ਉਨ੍ਹਾਂ ਦੀ ਪਾਰਟੀ ਦਾ ਉਨ੍ਹਾਂ ਨਾਲ ਵਿਰੋਧ ਵਾਲਾ ਇੱਕ ਆਗੂ ਉਨ੍ਹਾਂ ਨੂੰ ਸਾਹਮਣੇ ਆਉਂਦਾ ਮਿਲ ਗਿਆ। ਦੋਵੇਂ ਜਣੇ ਹੱਥ ਮਿਲਾ ਕੇ ਖੜੇ ਸਨ ਤਾਂ ਇੱਕ ਫੋਟੋਗਰਾਫਰ ਨੇ ਫੋਟੋ ਖਿਚਵਾਉਣ ਦੀ ਬੇਨਤੀ ਕਰ ਦਿੱਤੀ ਤੇ ਜਦੋਂ ਤੱਕ ਫੋਟੋ ਖਿੱਚੀ ਜਾਣੀ ਸੀ, ਇੱਕ ਜਣੇ ਨੇ ਹਾਸੇ ਨਾਲ ਕਹਿ ਦਿੱਤਾ ਕਿ ਇਸ ਫੋਟੋ ਨਾਲ ਦੋਵਾਂ ਦਾ ਅੱਜ ਦੇ ਅਖਬਾਰਾਂ ਵਿਚਲਾ ਬਿਆਨ ਜੋੜ ਦੇਈਏ ਤਾਂ ਕਿੱਦਾਂ ਰਹੇਗਾ? ਦੋਵਾਂ ਦਾ ਹਾਸਾ ਤੇ ਚਿਹਰੇ ਦਾ ਰੰਗ ਦੋਵੇਂ ਉੱਡ ਗਏ। ਉਨ੍ਹਾਂ ਦੋਵਾਂ ਨੇ ਇੱਕ ਦਿਨ ਪਹਿਲਾਂ ਇੱਕ-ਦੂਸਰੇ ਖਿਲਾਫ ਨਸ਼ਾ ਸਮੱਗਲਰਾਂ ਨਾਲ ਸਾਂਝ ਰੱਖਣ ਦੇ ਬਿਆਨ ਦਾਗੇ ਤੇ ਆਪਣੀ ਪਾਰਟੀ ਦੀ ਹਾਈ ਕਮਾਨ ਤੋਂ ਇਸ ਦੀ ਪੜਤਾਲ ਕਰਾਉਣ ਲਈ ਮੰਗ ਕੀਤੀ ਹੋਈ ਸੀ। ਸਵਾਲ ਪੁੱਛਣ ਵਾਲੇ ਨੇ ਉਨ੍ਹਾਂ ਦੋਵਾਂ ਦੀ ਇਹੋ ਜਿਹੀ ਹਾਸੋਹੀਣੀ ਹਾਲਤ ਕਰ ਦਿੱਤੀ ਕਿ ਦੋਵੇਂ ਜਣੇ ਫਿਰ ਛੇਤੀ-ਛੇਤੀ ਸ਼ਗਨ ਪਾ ਕੇ ਓਥੋਂ ਖਿਸਕ ਗਏ ਸਨ।

ਇੱਕ ਹੋਰ ਥਾਂ ਬੀਤੇ ਦਿਨੀਂ ਇੱਕ ਵੱਡੇ ਆਗੂ ਨਾਲ ਦੂਸਰੀ ਪਾਰਟੀ ਤੋਂ ਦਲਬਦਲੀ ਕਰ ਕੇ ਉਸ ਦੀ ਪਾਰਟੀ ਵਿੱਚ ਨਵਾਂ ਆਇਆ ਇੱਕ ਆਗੂ ਵੀ ਕਿਸੇ ਸਮਾਗਮ ਵਿੱਚ ਗਿਆ ਤਾਂ ਉਹ ਨਵਾਂ ਆਇਆ ਆਗੂ ਉਸ ਵੱਡੇ ਆਗੂ ਨਾਲ ਕੁਝ ਜ਼ਿਆਦਾ ਹੀ ਚੰਬੜਿਆ ਫਿਰੇ। ਇਸ ਤੋਂ ਉਸ ਪਾਰਟੀ ਦੇ ਪੁਰਾਣੇ ਕੁਝ ਆਗੂਆਂ ਨੂੰ ਬੁਰਾ ਮਹਿਸੂਸ ਹੋਇਆ ਅਤੇ ਗੱਲ ਏਨੀ ਵਧ ਗਈ ਕਿ ਪੁਰਾਣਿਆਂ ਵਿੱਚੋਂ ਇੱਕ ਨੇ ਇਹ ਕਹਿ ਕੇ ਜਾਣ ਦੀ ਆਗਿਆ ਮੰਗ ਲਈ ਕਿ ਉਸ ਨੂੰ ਕੰਮ ਹੈ। ਓਸੇ ਵਾਂਗ ਇੱਕ ਪਿੱਛੋਂ ਦੂਸਰਾ ਤਿੰਨ-ਚਾਰ ਹੋਰ ਉੱਠ ਕੇ ਤੁਰ ਪਏ ਤਾਂ ਵੱਡੇ ਆਗੂ ਨੇ ਆਖਿਆ ਕਿ ਸਾਰੇ ਨਿਕਲੇ ਚੱਲੇ ਹੋ, ਕੁਝ ਚਿਰ ਰੁਕ ਜਾਓ। ਜਵਾਬ ਵਿੱਚ ਇੱਕ ਪੁਰਾਣੇ ਆਗੂ ਦੇ ਮੂੰਹੋਂ ਨਿਕਲਿਆ, ਰੁਕਣ ਦੀ ਲੋੜ ਕੀ ਹੈ, ਘੜੀ ਕੁ ਤੱਕ ਤੁਹਾਡੇ ਕੋਲ ਇਹਦੇ ਵਰਗੇ ਚਾਰ-ਪੰਜ ਦੂਸਰੀ ਪਾਰਟੀ ਵਿੱਚੋਂ ਹੋਰ ਆ ਜਾਣਗੇ, ਫੇਰ ਵੀ ਜਾਣਾ ਪੈਣਾ ਹੈ, ਸਾਨੂੰ ਪੁੱਛਦਾ ਕੌਣ ਹੈ, ਨਵਿਆਂ ਦੀ ਰੁੱਤ ਆਈ ਹੈ, ਇਹ ਜਿੰਨੇ ਦਿਨ ਇਸ ਪਾਰਟੀ ਵਿੱਚ ਹੈ, ਮਜ਼ੇ ਕਰੋ, ਫਿਰ ਇਸ ਨੇ ਕਿਸੇ ਹੋਰ ਵੱਲ ਚਲੇ ਜਾਣਾ ਹੈ, ਓਦੋਂ ਸਾਨੂੰ ਆਵਾਜ਼ ਮਾਰ ਲਿਉ! ਉਸ ਵੱਲੋਂ ਕੱਢੀ ਇਸ ਕੌੜ ਨਾਲ ਗੱਲ ਏਨੀ ਵਧੀ ਕਿ ਪੁਰਾਣਾ ਅਤੇ ਪਾਰਟੀ ਵਿੱਚ ਨਵਾਂ ਆਇਆ ਆਗੂ ਆਪੋ ਵਿੱਚ ਹੱਥੋ-ਪਾਈ ਭਾਵੇਂ ਨਹੀਂ ਸੀ ਹੋਏ, ਹਾਲਤ ਏਨੀ ਵਿਗੜੀ ਕਿ ਵੱਡਾ ਆਗੂ ਓਥੋਂ ਪਲਾਂ ਵਿੱਚ ਪੱਤਰਾ-ਵਾਚ ਗਿਆ ਅਤੇ ਪਿੱਛੋਂ ਉਹ ਦੋਵੇਂ ਇੱਕ-ਦੂਸਰੇ ਨੂੰ ਕਹਿੰਦੇ ਰਹੇ 'ਤੈਨੂੰ ਮੈਂ ਵੇਖ ਲਊਂ ਅਗਲੀ ਚੋਣ ਵਿੱਚ, ਪਤਾ ਨਹੀਂ ਕਿਸ ਜਾਤ ਦੀ ਕੋਹੜਕਿਰਲੀ ਅਗਲੀ ਚੋਣ ਤੱਕ ਕਿਹੜੀ ਖੁਰਲੀ ਉੱਤੇ ਜਾ ਖੜੋਵੇਂਗਾ!'

ਜਿਹੜੀ ਖਿੱਚੋਤਾਣ ਉਸ ਵਕਤ ਇਨ੍ਹਾਂ ਪੁਰਾਣੇ ਅਤੇ ਨਵੇਂ ਆਗੂਆਂ ਵਿਚਾਲੇ ਬਣੀ ਹੋਈ ਸੀ, ਉਹ ਅਗਲੀ ਵਿਧਾਨ ਸਭਾ ਚੋਣ ਨੇੜੇ ਆਈ ਵੇਖ ਕੇ ਇਸ ਵਕਤ ਲਗਭਗ ਹਰ ਉਸ ਪਾਰਟੀ ਅੰਦਰ ਹੁੰਦੀ ਵੇਖੀ ਜਾ ਸਕਦੀ ਹੈ, ਜਿਹੜੇ ਸੱਤਾ ਦਾ ਸੁਖ ਕਦੇ ਨਾ ਕਦੇ ਮਾਣ ਚੁੱਕੇ ਜਾਂ ਮਾਨਣ ਦੀ ਝਾਕ ਰੱਖਦੇ ਹਨ। ਜਦੋਂ ਪੰਜਾਬ ਵਿੱਚ ਸਰਕਾਰ ਦੀ ਅਗਵਾਈ ਅਕਾਲੀ ਦਲ ਕੋਲ ਸੀ, ਉਨ੍ਹਾਂ ਦਿਨਾਂ ਵਿੱਚ ਇੱਕ ਵਾਰ ਇੱਕ ਪਿੰਡ ਦੇ ਅਕਾਲੀ ਦਲ ਦੇ ਤਿੰਨ ਧੜੇ ਆਪੋ ਵਿੱਚ ਲੜਾਈ ਕਰ ਬੈਠੇ ਤਾਂ ਉੱਪਰੋਂ ਤਿੰਨਾਂ ਧੜਿਆਂ ਦੇ ਪੱਖ ਵਿੱਚ ਅਫਸਰਾਂ ਦੇ ਫੋਨ ਖੜਕੀ ਜਾਣ ਕਿ ਮਦਦ ਫਲਾਣੇ ਦੀ ਕਰਨੀ ਹੈ। ਇਸ ਤੋਂ ਵੱਧ ਕਮਾਲ ਦੀ ਗੱਲ ਇਹ ਕਿ ਇੱਕੋ ਆਗੂ ਉਨ੍ਹਾਂ ਤਿੰਨਾਂ ਧੜਿਆਂ ਦੇ ਬੰਦਿਆਂ ਲਈ ਫੋਨ ਕਰੀ ਜਾਵੇ ਤੇ ਅਗਲੀ ਗੱਲ ਇਹ ਕਿ ਤਿੰਨਾਂ ਧੜਿਆਂ ਵਾਲਿਆਂ ਨੂੰ ਪਤਾ ਸੀ ਕਿ ਉਹ ਵੱਡਾ ਆਗੂ ਤਿੰਨਾਂ ਧਿਰਾਂ ਲਈ ਫੋਨ ਕਰੀ ਜਾਂਦਾ ਹੈ। ਅਸੀਂ ਇੱਕ ਸੱਜਣ ਨੂੰ ਪੁੱਛ ਲਿਆ ਕਿ ਤੁਹਾਡੀ ਇੱਕੋ ਪਾਰਟੀ ਹੈ, ਇੱਕ ਪਾਰਟੀ ਦੇ ਤਿੰਨ ਧੜੇ ਤੇ ਤਿੰਨਾਂ ਲਈ ਲੀਡਰ ਦੇ ਫੋਨ ਆਈ ਜਾਂਦੇ ਹਨ, ਇਹ ਕੀ ਚੱਕਰ ਹੈ? ਉਹਨੇ ਹੱਸ ਕੇ ਕਿਹਾ ਕਿ ਹਾਲ ਦੀ ਘੜੀ ਤਿੰਨੇ ਧੜੇ ਸਾਡੀ ਪਾਰਟੀ ਵਿੱਚ ਜ਼ਰੂਰ ਹਨ, ਪਰ ਜਿਸ ਦਿਨ ਚੋਣਾਂ ਦਾ ਐਲਾਨ ਹੋਇਆ, ਇਨ੍ਹਾਂ ਵਿੱਚੋਂ ਸਾਡੇ ਨਾਲ ਕੌਣ ਰਹੂਗਾ, ਪਤਾ ਨਹੀਂ, ਕਾਂਗਰਸ ਵਾਲਿਆਂ ਨਾਲ ਤਾਰ ਸਾਰਿਆਂ ਦੀ ਜੁੜੀ ਹੋਈ ਹੈ। ਇਹੋ ਕੁਝ ਕਾਂਗਰਸ ਅੰਦਰ ਉਸ ਵਕਤ ਹੁੰਦਾ ਵੇਖਿਆ ਗਿਆ, ਜਦੋਂ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਾਲੇ ਸਿਆਸੀ ਭੇੜ ਸਿਖਰਾਂ ਉੱਤੇ ਪਹੁੰਚਿਆ ਸੀ। ਉਸ ਵਕਤ ਲੜਾਈ ਸਿੱਧੂ ਲੜਦਾ ਰਹਿ ਗਿਆ, ਕੁਰਸੀ ਲਈ ਨੌਂਗਾ ਕਿਸੇ ਹੋਰ ਦਾ ਪੈ ਗਿਆ, ਧੜੇਬੰਦੀਆਂ ਦੇ ਮਾਹਰ ਜਿਹੜੇ ਲੀਡਰ ਪਿਛਲੇ ਦਿਨ ਤੱਕ ਨਵਜੋਤ ਸਿੱਧੂ ਨਾਲ ਫਿਰਦੇ ਸਨ, ਵਕਤ ਬਦਲਦਾ ਵੇਖ ਕੇ ਸਿੱਧੂ ਦੇ ਘਰ ਦੀ ਸੜਕ ਉੱਤੋਂ ਲੰਘਣ ਤੋਂ ਵੀ ਗੁਰੇਜ਼ ਕਰਨ ਲੱਗ ਪਏ। ਓਦੋਂ ਸਿੱਧੂ ਨੂੰ ਇਸ ਵਿੱਚ ਦੋਸ਼ ਉਨ੍ਹਾਂ ਲੋਕਾਂ ਦਾ ਨਹੀਂ ਦਿੱਸਿਆ, ਜਿਹੜੇ ਬਦਲਦੇ ਸਮੇਂ ਨੂੰ ਪਛਾਣ ਕੇ ਕਿਸੇ ਵੀ ਚੁਬਾਰੇ ਉੱਤੋਂ ਚੋਗਾ ਚੁਗਣ ਜਾ ਸਕਦੇ ਹਨ, ਉਸ ਦੂਸਰੇ ਲੀਡਰ ਦਾ ਦੋਸ਼ ਵੱਧ ਦਿਖਾਈ ਦੇਂਦਾ ਸੀ, ਜਿਸ ਨੇ ਪਹਿਲਾਂ ਚੁੱਪ ਰਹਿ ਕੇ ਆਖਰੀ ਵਕਤ ਠਿੱਬੀ ਲਾ ਦਿੱਤੀ ਸੀ। ਇਹ ਕੁਝ ਕਈ ਵਾਰ ਹੁੰਦਾ ਵੇਖਿਆ ਗਿਆ ਹੈ। ਅੱਜਕੱਲ੍ਹ ਇਹੋ ਕੁਝ ਫਿਰ ਕਈ ਥਾਂਈਂ ਹੁੰਦਾ ਦਿਖਾਈ ਦੇਂਦਾ ਹੈ, ਪਰ ਇਸ ਦੀ ਚਰਚਾ ਕਰਨ ਤੋਂ ਬਚਿਆ ਜਾ ਰਿਹਾ ਹੈ।

ਜਦੋਂ ਅਸੀਂ ਇਹ ਕਿਹਾ ਹੈ ਕਿ ਇਹ ਕੁਝ ਫਿਰ ਹੁੰਦਾ ਦਿਖਾਈ ਦੇਂਦਾ ਹੈ ਤਾਂ ਇਸ ਦਾ ਮਤਲਬ ਕਾਂਗਰਸ ਇਕੱਲੀ ਦੇ ਅੰਦਰ ਦੀ ਹਾਲਤ ਤੋਂ ਨਹੀਂ, ਇਸ ਵਕਤ ਪੰਜਾਬ ਵਿੱਚ ਸੱਤਾ ਦੀ ਦੌੜ ਵਿੱਚ ਸ਼ਾਮਲ ਹਰ ਵੱਡੀ ਪਾਰਟੀ ਦੇ ਅੰਦਰਲੀ ਹਾਲਤ ਇਹੋ ਹੈ। ਅਕਾਲੀ ਪਾਰਟੀ ਦੇ ਜਿਹੜੇ ਹਾਲਾਤ ਦੀ ਗੱਲ ਅਸੀਂ ਉੱਪਰ ਕੀਤੀ ਹੈ, ਪੰਜਾਬ ਦੇ ਰਾਜ ਦਾ ਸੁੱਖ ਮਾਣਨ ਵਾਲੇ ਹਰ ਦਲ ਵਿੱਚ ਆਪਣੇ ਰਾਜ ਦੇ ਆਖਰੀ ਦਿਨਾਂ ਵਿੱਚ ਬਣਦੀ ਹੁੰਦੀ ਹੈ ਤੇ ਇਸ ਵਕਤ ਇਹ ਹਾਲਤ ਆਮ ਆਦਮੀ ਪਾਰਟੀ ਅੰਦਰ ਬਣਦੀ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਅਕਾਲੀਆਂ ਦੇ ਰਾਜ ਦੌਰਾਨ ਦੂਰਦਰਸ਼ਨ ਦੇ ਇੱਕ ਪ੍ਰੋਗਰਾਮ ਵਿੱਚ ਇੱਕ ਪਿੰਡ ਵਿੱਚ ਤਿੰਨ ਅਕਾਲੀ ਧੜਿਆਂ ਦੇ ਭੇੜ ਬਾਰੇ ਜਦੋਂ ਸਾਥੋਂ ਸਵਾਲ ਪੁੱਛਿਆ ਗਿਆ ਤਾਂ ਅਸੀਂ ਮਿਸਾਲ ਦੇ ਕੇ ਸਮਝਾਇਆ ਸੀ ਕਿ ਇੱਕ ਆਦਮੀ ਨੇ ਦੂਸਰਾ ਵਿਆਹ ਕਰਵਾਇਆ ਸੀ, ਜਿਸ ਦਾ ਪਹਿਲੀ ਪਤਨੀ ਤੋਂ ਇੱਕ ਬੱਚਾ ਸੀ ਤੇ ਅੱਗੋਂ ਜਿਸ ਔਰਤ ਨਾਲ ਵਿਆਹ ਕਰਵਾਇਆ ਸੀ, ਉਸ ਦਾ ਵੀ ਪਹਿਲੇ ਪਤੀ ਤੋਂ ਇੱਕ ਬੱਚਾ ਸੀ। ਦੋਵਾਂ ਦੇ ਘਰ ਇੱਕ ਹੋਰ ਬੱਚਾ ਪੈਦਾ ਹੋ ਗਿਆ ਤਾਂ ਇੱਕ ਦਿਨ ਰੌਲਾ ਪੈਂਦਾ ਸੁਣ ਕੇ ਆਦਮੀ ਨੇ ਆਵਾਜ਼ ਦੇ ਕੇ ਪਤਨੀ ਨੂੰ ਜਦੋਂ ਇਹ ਪੁੱਛਿਆ ਕਿ ਰੌਲਾ ਕਿਉਂ ਪੈ ਰਿਹਾ ਹੈ ਤਾਂ ਉਸ ਨੇ ਕਿਹਾ ਸੀ: 'ਤੇਰੇ ਤੇ ਮੇਰੇ ਬੱਚੇ ਆਪਣੇ ਬੱਚੇ ਨੂੰ ਮਾਰਦੇ ਹਨ।' ਅਕਾਲੀ ਦਲ ਦੇ ਵਕਤ ਕੁਝ ਆਗੂ ਪੁਰਾਣੇ ਸਨ, ਵੱਡੇ ਬਾਦਲ ਦੇ ਨਾਲ ਜੇਲ੍ਹਾਂ ਕੱਟਣ ਵਾਲੇ, ਕੁਝ ਸੁਖਬੀਰ ਸਿੰਘ ਬਾਦਲ ਦੇ ਨਾਲ ਪੰਜਾਬ ਸਰਕਾਰ ਤੋਂ ਲਾਭ ਲੈਣ ਲਈ ਜੁੜੇ ਹੋਏ ਅਤੇ ਕੁਝ ਹੋਰਨਾਂ ਪਾਰਟੀਆਂ ਤੋਂ ਲਿਆਂਦੇ ਹੋਏ ਦਲਬਦਲੂ ਸਨ। ਪਹਿਲਾਂ ਬਾਪੂ ਬਾਦਲ ਅਤੇ ਬੇਟੇ ਬਾਦਲ ਦੇ ਸਮਰਥਕਾਂ ਦੇ ਦੋ ਧੜੇ ਆਪਸ ਵਿੱਚ ਲੜਦੇ ਸਨ, ਫਿਰ ਉਨ੍ਹਾਂ ਦੋਵਾਂ ਧਿਰਾਂ ਨੇ ਆਪਸ ਵਿੱਚ ਅੱਖ ਮਿਲਾਈ ਅਤੇ ਨਵੇਂ ਆਏ ਦਲਬਦਲੂਆਂ ਖਿਲਾਫ ਸਾਂਝਾ ਮੋਰਚਾ ਬਣਾ ਲਿਆ ਤੇ ਰੌਲਾ ਪੈਣ ਲੱਗ ਪਿਆ ਸੀ।

ਜਦੋਂ ਇਹ ਕੁਝ ਹਰ ਰਾਜ ਕਰਦੀ ਪਾਰਟੀ ਵਿੱਚ ਹੁੰਦਾ ਰਿਹਾ ਹੈ ਤਾਂ ਸੱਤਾ ਸੁੱਖ ਮਾਣਨ ਦੇ ਅੰਤਲੇ ਸਾਲ ਦੇ ਮੁੱਢ ਵਿੱਚ ਆਮ ਆਦਮੀ ਪਾਰਟੀ ਵਿੱਚ ਵੀ ਇਹ ਕੁਝ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ। ਪੁਰਾਣੇ ਵਰਕਰਾਂ ਦੀ ਆਪਣੀ ਕੌੜ ਹੈ ਕਿ ਸੰਘਰਸ਼ ਵਿੱਚ ਸਾਥ ਦੇਂਦੇ ਰਹੇ, ਪਰ ਮਲਾਈ ਖਾਣ ਦਾ ਮੌਕਾ ਓਨਾ ਨਹੀਂ ਮਿਲ ਸਕਿਆ, ਜਿਸ ਦੀ ਝਾਕ ਰੱਖੀ ਸੀ, ਨਵੇਂ ਜੁੜਿਆਂ ਦੇ ਆਪਣੇ ਸੁਫਨੇ ਸਨ ਤੇ ਜਿਹੜੇ ਅੱਜਕੱਲ੍ਹ ਇਸ ਪਾਰਟੀ ਵੱਲ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆ ਰਹੇ ਹਨ ਤੇ ਉਨ੍ਹਾਂ ਨੂੰ 'ਜੀ ਆਇਆਂ' ਕਿਹਾ ਜਾ ਰਿਹਾ ਹੈ, ਭੁੱਖ ਉਨ੍ਹਾਂ ਦੀ ਵੀ ਕਈ ਤਰ੍ਹਾਂ ਦੀ ਹੈ। ਪੰਜਾਬ ਵਿੱਚ ਕਮਾਈ ਕਰਨ ਵਾਲੇ ਲੋਕ ਉਹੀ ਹਨ, ਜਿਹੜੇ ਪਹਿਲਾਂ ਇੱਕ ਪਾਰਟੀ, ਫਿਰ ਦੂਸਰੀ ਤੇ ਅੱਜਕੱਲ੍ਹ ਤੀਸਰੀ ਦਾ ਭਾਰ ਝੱਲ ਰਹੇ ਹਨ, ਪਰ ਬੋਲਦੇ ਕੁਝ ਨਹੀਂ, ਇਹ ਕਿੰਨੀ ਦੇਰ ਅਤੇ ਭਲਾ ਕਿੰਨਾ ਕੁ ਭਾਰ ਝੱਲਦੇ ਰਹਿਣਗੇ! ਇਸ ਸਰਕਾਰ ਦਾ ਆਖਰੀ ਸਾਲ ਸ਼ੁਰੂ ਹੋਣ ਵਿੱਚ ਜਦੋਂ ਮਸਾਂ ਤਿੰਨ ਮਹੀਨੇ ਬਾਕੀ ਰਹਿੰਦੇ ਹਨ, ਇਸ ਸਵਾਲ ਦਾ ਕੋਈ ਜਵਾਬ ਲੱਭਣ ਲਈ ਇਸ ਪਾਰਟੀ ਦੀ ਲੀਡਰਸ਼ਿਪ ਨੂੰ ਕਦੀ ਨਾ ਕਦੀ ਕੁਝ ਵਕਤ ਕੱਢਣ ਦੀ ਲੋੜ ਹੈ। ਅਵੇਸਲਾਪਣ ਤੇ 'ਕੁਝ ਨਹੀਂ ਹੋਣ ਲੱਗਾ' ਦੀ ਸੋਚ ਲਈ ਬਹੁਤਾ ਸਮਾਂ ਨਹੀਂ ਰਹਿ ਗਿਆ। ਉਨ੍ਹਾਂ ਨੂੰ ਤਾਂ ਇਹ ਵੀ ਸੋਚਣਾ ਪਵੇਗਾ ਕਿ ਅਗਲੀ ਚੋਣ ਲੜਾਈ ਇਸ ਰਾਜ ਵਿਚਲੀਆਂ ਰਵਾਇਤੀ ਦੋ ਧਿਰਾਂ ਦੇ ਵਿਰੋਧ ਤੱਕ ਨਹੀਂ ਰਹਿ ਜਾਣੀ, ਸਾਰੇ ਭਾਰਤ ਵਿੱਚ ਹੂੰਝਾ ਫੇਰਨ ਦੀ ਝਾਕ ਵਿੱਚ ਤੁਰੇ ਹੋਏ ਉਸ ਕਾਫਲੇ ਨਾਲ ਵੀ ਲੜਨੀ ਪੈਣੀ ਹੈ, ਜਿਸ ਦੇ ਅਗਵਾਨੂੰ ਚਾਲਾਂ ਚੱਲਣ ਵਿੱਚ ਵੀ ਉਣੇ ਨਹੀਂ ਤੇ ਸਿਆਸੀ ਹਮਲਾਵਰੀ ਵਾਲਾ ਸਿਰਾ ਕਰਨ ਤੱਕ ਜਾਣ ਤੋਂ ਵੀ ਕਸਰ ਨਹੀਂ ਰੱਖਦੇ। ਕਾਂਗਰਸ ਵਾਲਿਆਂ ਨੂੰ ਆਪਸੀ ਕੁੱਕੜ-ਖੇਹ ਨੇ ਕਿਸੇ ਲੜਾਈ ਜੋਗਾ ਨਹੀਂ ਛੱਡਣਾ ਜਾਪਦਾ, ਅਕਾਲੀ ਆਗੂਆਂ ਦੀ ਦੋ ਧੜਿਆਂ ਦੀ ਖਹਿਬਾਜ਼ੀ ਵੀ ਕਿਸੇ ਪਾਸੇ ਲੱਗਦੀ ਨਹੀਂ ਜਾਪਦੀ ਤੇ ਆਮ ਆਦਮੀ ਪਾਰਟੀ ਇਸ ਸਵਾਲ ਨੂੰ ਅਜੇ ਤੱਕ ਬੇਲੋੜਾ ਸਮਝੀ ਬੈਠੀ ਹੈ, ਪਰ ਕਦੋਂ ਕੁ ਤੱਕ ਏਦਾਂ ਚੱਲੇਗਾ!

ਇਸ ਦਿਲ ਪੇ ਲਗਾ ਕੇ ਠੇਸ, ਕਹਾਂ ਤੁਮ ਚਲੇ ਗਏ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-43

ਸੁਰਜੀਤ ਸੁਮਨ

ਯੂਟਿਊਬ ਫਰੋਲਦਿਆਂ ਅਚਾਨਕ ਮੇਰੀਆਂ ਅੱਖਾਂ ਸਾਹਮਣੇ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਇਹ ਵੀਡੀਓ ਪ੍ਰਗਟ ਹੁੰਦੀ ਹੈ। ਉਹ ਗੀਤ ਗਾ ਰਹੇ ਸਨ, 'ਚਿੱਠੀ ਨਾ ਕੋਈ ਸੰਦੇਸ਼/ ਜਾਨੇ ਵੋਹ ਕੌਨ ਸਾ ਦੇਸ਼/ ਜਹਾਂ ਤੁਮ ਚਲੇ ਗਏ/ ਮੇਰੇ ਦਿਲ ਕੋ ਲਗਾ ਕੇ ਠੇਸ ਕਹਾਂ ਤੁਮ ?' ਕਿੰਨੀ ਪੀੜ ਹੈ ਇਸ ਆਵਾਜ਼ ਵਿੱਚ। ਸੁਣ ਕੇ ਕਲੇਜਾ ਬਾਹਰ ਨੂੰ ਆਉਂਦਾ ਹੈ। ਮੇਰੀਆਂ ਅੱਖਾਂ ਤਿੱਪ ਤਿੱਪ ਵਰਸਣ ਲਗਦੀਆਂ ਹਨ। ਸਾਹਮਣੇ ਸਸਕਾਰ ਸ਼ੈੱਡ 'ਚ ਵੀਰ ਬਲਵਿੰਦਰ ਦਾ ਸਿਵਾ ਲਟ ਲਟ ਬਲ਼ ਰਿਹਾ ਹੈ। ਐਨ ਉਸੇ ਵੇਲ਼ੇ ਕੋਈ ਮੇਰਾ ਮੋਢਾ ਥਪਥਪਾ ਰਿਹਾ ਹੈ। ਮੈ

ਮਾਨਵਤਾ ਤੇ ਮੁਹੱਬਤ ਦੇ ਹਾਣ ਦੇ ਮੌਸਮ ਦੀ ਉਡੀਕ ਕਰਦੀਆਂ ਕਹਾਣੀਆਂ

ਮੌਸਮ ਠੀਕ ਨਹੀਂ

(ਕਹਾਣੀ ਸੰਗ੍ਰਹਿ)
ਪਰਗਟ ਸਿੰਘ ਸਤੌਜ
ਪੰਨੇ-152, ਮੁੱਲ-299 ਰੁਪਏ
ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ

ਭਾਵੇਂ ਪਰਗਟ ਸਿੰਘ ਸਤੌਜ ਦੀ ਸਾਹਿਤ ਦੇ ਖੇਤਰ ਵਿਚ ਉੱਘੜਵੀਂ ਪਛਾਣ ਨਾਵਲ ਦੇ ਖੇਤਰ ਵਿਚ ਹੈ, ਪਰ ਇਕ ਕਹਾਣੀਕਾਰ ਦੇ ਤੌਰ 'ਤੇ ਵੀ ਪਾਠਕਾਂ ਲਈ ਉਹ ਇਕ ਗੰਭੀਰ ਤੇ ਪ੍ਰਵਾਨਿਤ ਨਾਂਅ ਬਣ ਚੁੱਕਾ ਹੈ। 'ਮੌਸਮ ਠੀਕ ਨਹੀਂ' ਉਸ ਦਾ ਦੂਜਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਉਸ ਦੀਆਂ ਦਸ ਨਵੀਆਂ ਕਹਾਣੀਆਂ ਸ਼ਾਮਲ ਹਨ। ਇਹ ਕਹਾਣੀਆਂ ਸਮਕਾਲੀਨ ਸਮੇਂ ਦੀ ਪ੍ਰਸੰਗਿਕਤਾ ਵਿੱਚ ਸਮਾਜਿਕ, ਆਰਥਿਕ, ਸੱਭਿਆਚਾਰਕ ਤੇ ਰਾਜਨੀਤਕ ਮੌਸਮ ਦੇ ਠੀਕ ਨਾ ਹੋਣ ਕਾਰਨ ਆਮ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਉਪਜੇ ਸੰਵਾਦ ਨੂੰ ਅੱਗੇ ਤੋਰਦੀਆਂ ਹਨ। ਕਹਾਣੀਆਂ ਉਹਨਾਂ ਮਨੋ-ਸਮਾਜਿਕ ਕਾਰਨਾਂ ਦੀ ਨਿਸ਼ਾਨਦੇਹੀ ਉਚੇਚੇ ਤੌਰ 'ਤੇ ਕਰਦੀਆਂ ਹਨ, ਜਿਹੜੇ ਸਾਡੇ ਸਮਾਜਿਕ ਤੇ ਪਰਵਾਰਕ ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਦਾ ਕਾਰਨ ਵੀ ਬਣ ਰਹੇ ਹਨ ਤੇ ਇਹਨਾਂ ਨੂੰ ਪੇਚੀਦਾ ਤੇ ਗੁੰਝਲਦਾਰ ਵੀ ਬਣਾ ਰਹੇ ਹਨ। ਉਸ ਦੀਆਂ ਕਹਾਣੀਆਂ ਅੱਜ ਦੇ ਮਨੁੱਖ ਦੀ ਪਦਾਰਥਕ ਤੌਰ 'ਤੇ ਖੁਸ਼ਹਾਲੀ ਤੇ ਮਾਨਸਿਕ ਤੌਰ 'ਤੇ ਮੰਦਹਾਲੀ ਦੇ ਤਣਾਓ ਵਿੱਚੋਂ ਪੈਦਾ ਹੋਏ ਦਵੰਦ ਨੂੰ ਵੀ ਵਿਸ਼ੇਸ਼ ਤੌਰ 'ਤੇ ਉਭਾਰਦੀਆਂ ਹਨ ਤੇ ਟੁੱਟ ਰਹੇ ਘਰ ਪਰਵਾਰ ਦੀਆਂ ਕੰਧਾਂ 'ਤੇ ਮੋਹ ਦਾ ਪਲਸਤਰ ਕਰਕੇ ਉਹਨਾਂ ਨੂੰ ਟੁੱਟਣ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਨਾਲ ਵੀ ਜੁੜੀਆਂ ਹੋਈਆਂ ਹਨ।

ਸੰਗ੍ਰਹਿ ਦੀ ਟਾਇਟਲ ਕਹਾਣੀ 'ਮੌਸਮ ਠੀਕ ਨਹੀਂ' ਦੀ ਮੁੱਖ ਪਾਤਰ ਰੂਬਲਪ੍ਰੀਤ ਰੰਗਾਂ ਦੀ ਕੈਨਵਸ ਨਾਲ ਪਿਆਰ ਕਰਦੀ ਸੂਖਮ ਭਾਵੀ ਕੁੜੀ ਹੈ, ਪਰ ਉਸ ਦੇ ਪੇਕੇ ਤੇ ਸਹੁਰੇ ਘਰ ਦੀਆਂ ਸੰਕੀਰਨ ਕੀਮਤਾਂ ਉਸ ਦੀਆਂ ਇਹਨਾਂ ਕਲਾ ਇੱਛਾਵਾਂ ਨੂੰ ਪਰਵਾਜ਼ ਨਹੀਂ ਭਰਨ ਦਿੰਦੀਆਂ। ਸੋਹਣੇ-ਸੁਨੱਖੇ ਗੱਭਰੂ ਨਾਲ ਵਿਆਹ ਕਰਾਉਣ ਸੰਬੰਧੀ ਉਸ ਦੇ ਸੁਫ਼ਨੇ ਵੀ ਉਸ ਵੇਲੇ ਪੂਰੀ ਤਰ੍ਹਾਂ ਚਕਨਾਚੂਰ ਹੋ ਜਾਂਦੇ ਹਨ, ਜਦੋਂ ਉਸ ਦੀ ਸੁੰਦਰਤਾ ਤੇ ਸੁਹਜ ਸਲੀਕੇ ਦਾ ਵਟਾਂਦਰਾ ਉਸ ਦੇ ਹੋਣ ਵਾਲੇ ਪਤੀ ਦੇ ਨਾਂਅ ਬੋਲਦੀ 40 ਏਕੜ ਜ਼ਮੀਨ ਨਾਲ ਕਰ ਲਿਆ ਜਾਂਦਾ ਹੈ। ਕਠੋਰ ਬੰਦਿਸ਼ਾਂ ਵਾਲੀ ਪੇਕੇ ਘਰ ਦੀ ਜੇਲ੍ਹ ਵਿੱਚੋਂ ਨਿਕਲ ਕੇ ਉਹ ਸਹੁਰੇ ਘਰ ਰੂਪੀ ਜੇਲ੍ਹ ਵਿਚ ਪਹੁੰਚਦੀ ਹੈ ਤਾਂ ਇੱਥੇ ਵੀ ਉਸ ਨੂੰ ਆਪਣੀ ਪ੍ਰਤਿਭਾ ਦੇ ਬਾਹਰ ਮੁਖੀ ਪ੍ਰਗਟਾਵੇ ਦਾ ਕੋਈ ਮੌਕਾ ਹਾਸਲ ਨਹੀਂ ਹੁੰਦਾ। ਪੇਂਟਿੰਗ ਵਿਚ ਮੁਹਾਰਤ ਰੱਖਦਾ ਉਸ ਦਾ ਜਮਾਤੀ ਗੁਰਜੀਤ ਆਪਣੀ ਬਣਾਈ ਪੇਂਟਿੰਗ ਉਸ ਨੂੰ ਭੇਟ ਕਰਨ ਲਈ ਉਸ ਦੇ ਸਕੂਲ ਆਉਂਦਾ ਹੈ ਤਾਂ ਉਸ ਅੰਦਰ ਸੁੱਤਾ ਪਿਆ ਕਲਾ ਪ੍ਰੇਮ ਫਿਰ ਅੰਗੜਾਈ ਲੈਣ ਲੱਗਦਾ ਹੈ। ਗੁਰਜੀਤ ਇਹ ਵੀ ਖੁਲਾਸਾ ਕਰਦਾ ਹੈ ਕਿ ਉਹ ਉਸ ਦੀ ਕਲਾ ਦੇ ਨਾਲ ਉਸ ਨੂੰ ਵੀ ਪਿਆਰ ਕਰਦਾ ਰਿਹਾ ਹੈ, ਪਰ ਉਹ ਦੋਵਾਂ ਦੇ ਪਰਵਾਰਾਂ ਵਿਚਲੇ ਵੱਡੇ ਆਰਥਿਕ ਪਾੜੇ ਕਾਰਨ ਆਪਣੇ ਪਿਆਰ ਦੇ ਪ੍ਰਗਟਾਵੇ ਦੀ ਪਹਿਲ ਕਦਮੀ ਨਹੀਂ ਸੀ ਕਰ ਸਕਿਆ। ਗੁਰਜੀਤ ਦਾ ਵਿਚਾਰਧਾਰਕ ਸਾਥ ਉਸ ਨੂੰ ਕੁਝ ਚਿਰ ਲਈ ਮਾਨਸਿਕ ਰਾਹਤ ਦਿੰਦਾ ਹੈ, ਪਰ ਉਸ ਵੱਲੋਂ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਲਏ ਜਾਣ ਦੀ ਗੱਲ ਉਸ ਨੂੰ ਫਿਰ ਤੋਂ ਮਾਨਸਿਕ ਤੌਰ 'ਤੇ ਬੇਚੈਨ ਕਰ ਜਾਂਦੀ ਹੈ। ਗੁਰਜੀਤ ਵੱਲੋਂ ਦਿੱਤੀ ਪੇਂਟਿੰਗ ਉਸ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਕਰਾਉਂਦੀ ਹੈ ਕਿ ਉਸ ਲਈ ਮੌਸਮ ਅਜੇ ਵੀ ਠੀਕ ਨਹੀਂ ਹੈ। ਇਹ ਇਸ ਕਹਾਣੀ ਦੀ ਸਿਰਜਨਾਤਮਕ ਖੂਬਸੂਰਤੀ ਹੈ ਕਿ ਮੌਸਮ ਦੇ ਠੀਕ ਨਾ ਹੋਣ ਦੀ ਸੂਚਨਾ ਦਿੰਦੇ ਵਾਕ ਵਿਚ ਵਰਤਿਆ ਸ਼ਬਦ 'ਅਜੇ' ਭਵਿੱਖ ਵਿਚ ਮੌਸਮ ਦੇ ਠੀਕ ਹੋਣ ਦੀ ਉਮੀਦ ਨੂੰ ਬਰਕਰਾਰ ਰੱਖ ਕੇ ਕਹਾਣੀ ਦੇ ਸਿਰਜਨਾਤਮਕ ਅਰਥਾਂ ਨੂੰ ਬਰਕਰਾਰ ਰੱਖਦਾ ਹੈ।

ਕਹਾਣੀ 'ਤੂੰ ਮੈਨੂੰ ਪਿਆਰ ਨਹੀਂ ਕਰਦਾ' ਪਰਵਾਰਕ ਰਿਸ਼ਤਿਆਂ ਵਿਚ ਪਈਆਂ ਤਰੇੜਾਂ ਦੇ ਮਨੋ ਸਮਾਜਿਕ ਕਾਰਨ ਤਲਾਸ਼ਦੀ ਹੈ। ਕਹਾਣੀ ਦੇ ਪਹਿਲੇ ਪੜਾਅ 'ਤੇ ਲੇਖਕ ਤੇ ਪਾਠਕ ਦਾ ਰਿਸ਼ਤਾ ਪ੍ਰੇਮੀ ਪ੍ਰੇਮਿਕਾ ਦੇ ਰਿਸ਼ਤੇ ਵਿਚ ਬਦਲਦਾ ਹੈ ਤੇ ਫਿਰ ਪਤੀ-ਪਤਨੀ ਦੇ ਰਿਸ਼ਤੇ ਵਜੋਂ ਸਮਾਜਿਕ ਸਵਕ੍ਰਿਤੀ ਹਾਸਲ ਕਰਦਾ ਹੈ। ਜਦੋਂ ਇਸ ਰਿਸ਼ਤੇ ਨੂੰ 'ਸ਼ੱਕ' ਰੂਪੀ ਸਿਉਂਕ ਲੱਗ ਜਾਂਦੀ ਹੈ ਤਾਂ ਇਹ ਪਿਆਰ ਵਿਹੂਣਾ ਹੀ ਨਹੀਂ ਹੁੰਦਾ, ਸਗੋਂ ਖਿਝਾਊ ਤੇ ਅਕਾਊ ਵੀ ਬਣ ਜਾਂਦਾ ਹੈ। ਪਤੀ ਸੁਖਦੇਵ ਨੂੰ ਇਹ ਗੱਲ ਬੇਹੱਦ ਪ੍ਰੇਸ਼ਾਨ ਕਰਦੀ ਹੈ ਕਿ ਉਸ ਦੀ ਪਤਨੀ ਅਮਨ ਉਸ ਨਾਲ ਸੰਪਰਕ ਰੱਖਣ ਵਾਲੀ ਹਰ ਔਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ। ਪਹਿਲਾਂ ਉਹ ਨਰਮੀ ਨਾਲ ਉਸ ਦੀ ਇਹ ਆਦਤ ਛੁਡਵਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਸਿੱਧੀ ਉਂਗਲ ਨਾਲ ਘਿਓ ਨਾ ਨਿਕਲਣ 'ਤੇ ਉਂਗਲ ਨੂੰ ਟੇਢੀ ਕਰਨ ਬਾਰੇ ਵੀ ਸੋਚਣ ਲੱਗ ਪੈਂਦਾ ਹੈ। ਹਰ ਵੇਲੇ ਆਪਣੇ 'ਤੇ ਨਿਗਰਾਨੀ ਰੱਖੇ ਜਾਣ, ਉਸ ਦੇ ਫੋਨ ਵਿੱਚੋਂ ਲੇਖਿਕਾਵਾਂ ਦੇ ਨੰਬਰ ਡਲੀਟ ਕਰਨ ਜਾਂ ਫੇਸਬੁੱਕ ਪ੍ਰੋਫਾਈਲ ਤੋਂ ਉਨ੍ਹਾਂ ਨੂੰ ਬਲੌਕ ਕਰਨ ਸੰਬੰਧੀ ਪਤਨੀ ਦੀਆਂ ਸੰਕੀਰਨ ਤੇ ਖਬਤੀ ਕਾਰਵਾਈਆਂ ਉਸ ਅੰਦਰ ਏਨੀ ਖਿਝ ਭਰ ਦਿੰਦੀਆਂ ਹਨ ਕਿ ਉਹ ਆਤਮਘਾਤ ਕਰਨ ਬਾਰੇ ਵੀ ਸੋਚਣ ਲੱਗ ਪੈਂਦਾ ਹੈ। ਜਦੋਂ ਪਤਨੀ ਅੰਦਰਲੀ ਸ਼ੱਕੀ ਪ੍ਰਵਿਰਤੀ ਮਾਨਸਿਕ ਰੋਗ ਵਿਚ ਬਦਲ ਜਾਂਦੀ ਹੈ ਤਾਂ ਉਹ ਆਪਣੀ ਦੋਸਤ ਕਹਾਣੀਕਾਰਾ ਤੋਂ ਨੀਲਮ ਦੱਤਾ ਤੋਂ ਆਪਣੇ ਨਾਲ ਨਕਲੀ ਰੁਮਾਂਸ ਕਰਨ ਦੀ ਮੰਗ ਇਸ ਆਸ ਨਾਲ ਕਰਦਾ ਹੈ ਕਿ ਸ਼ਾਇਦ ਇਸ ਤਰ੍ਹਾਂ ਕਰਨ ਨਾਲ ਹੀ ਸ਼ੱਕੀ ਸੁਭਾਅ ਦੀ ਮਨੋਰੋਗੀ ਪਤਨੀ ਤੋਂ ਉਸ ਦਾ ਛੁਟਕਾਰਾ ਹੋ ਜਾਵੇ।

ਕਹਾਣੀ 'ਮਿੱਟੀ' ਪੰਜਾਬੀਆਂ ਅੰਦਰਲੇ ਆਪਣੀ ਮਿੱਟੀ ਪ੍ਰਤੀ ਮੋਹ ਨੂੰ ਸਮਕਾਲੀਨ ਸਮੇਂ ਦੀ ਪ੍ਰਸੰਗਿਕਤਾ ਵਿਚ ਨਵੇਂ ਸਿਰੇ ਤੋਂ ਪ੍ਰਭਾਸ਼ਿਤ ਕਰਦੀ ਹੈ ਤਾਂ ਇਸ ਮੋਹ ਦੇ ਬਹੁਤ ਸਾਰੇ ਗੂੜ੍ਹੇ ਤੇ ਫਿੱਕੇ ਰੰਗ ਇਕੋ ਸਮੇਂ ਉਘੜਨ ਲੱਗਦੇ ਹਨ। ਕਹਾਣੀ ਦੇ ਬਿਰਤਾਂਤਕਾਰ ਪਾਤਰ ਦਾ ਬਾਪੂ ਆਪਣੇ ਖੇਤਾਂ ਦੀ ਮਿੱਟੀ ਨੂੰ ਪੁਰਖਿਆਂ ਵੱਲੋਂ ਦਿੱਤੀ ਵਿਰਾਸਤ ਸਮਝਦਿਆਂ ਉਸ ਨਾਲ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ। ਉਸ ਦੀ ਅਗਲੀ ਪੀੜ੍ਹੀ ਦੇ ਪ੍ਰਤੀਨਿੱਧ ਯੁੱਧਵੀਰ ਲਈ ਇਹ ਮਿੱਟੀ ਭਾਵਨਾ ਰਹਿਤ ਵਸਤੂ ਦੇ ਹੀ ਅਰਥ ਰੱਖਦੀ ਹੈ। ਬਿਰਤਾਂਤਕਾਰ ਵੱਲੋਂ ਪੰਡਤਾਂ ਦੀ ਕੁੜੀ ਸ਼ਿਸ਼ਟੀ ਨਾਲ ਵਿਆਹ ਕਰਵਾਏ ਜਾਣ ਕਾਰਨ ਘਰ ਵਿਚ ਪੈਦਾ ਹੋਇਆ ਬਹੁਕੌਮੀ ਸੱਭਿਆਚਾਰ ਉਸ ਦੇ ਬੇਟੇ ਯੁੱਧਵੀਰ ਦੇ ਪੱਖ ਨੂੰ ਮਜ਼ਬੂਤ ਕਰ ਦਿੰਦਾ ਹੈ ਤਾਂ ਉਹ ਨਾ ਚਾਹੁੰਦਿਆਂ ਵੀ ਅੱਧ ਅੱਧਾ ਏਕੜ ਜ਼ਮੀਨ ਵੇਚ ਕੇ ਬੇਟੇ ਨੂੰ ਕੈਨੇਡਾ ਭੇਜ ਦਿੰਦਾ ਹੈ।

ਇੱਥੇ ਪਹੁੰਚ ਕੇ ਕਹਾਣੀ ਪੰਜਾਬੀਆਂ ਦੀ ਪਰਵਾਸ ਵੱਲ ਲੱਗੀ ਦੌੜ ਕਾਰਨ ਜ਼ਮੀਨ ਮਾਲਕ ਤੇ ਜ਼ਮੀਨ ਦੇ ਰਿਸ਼ਤੇ ਦੇ ਬਦਲਦੇ ਸਮੀਕਰਨਾਂ ਨੂੰ ਰੂਪਮਾਨ ਕਰਦੀ ਹੈ ਤਾਂ ਖੁਲਾਸਾ ਹੁੰਦਾ ਹੈ ਕਿ ਜ਼ਮੀਨ ਦਾ ਮਾਲਕ ਕਹਾਉਂਦਾ ਕਿਸਾਨ ਪੂਰੀ ਕੋਸ਼ਿਸ਼ ਕਰਨ ਦੇ ਬਾਵਜੂਦ ਜ਼ਮੀਨ ਨਾਲ ਆਪਣੇ ਰਿਸ਼ਤੇ ਨੂੰ ਤੋੜ ਤੱਕ ਨਹੀਂ ਨਿਭਾਅ ਸਕੇਗਾ। ਜਦੋਂ ਉਸ ਨਾਲ ਜੀਣ-ਮਰਨ ਦੀਆਂ ਕਸਮਾਂ ਖਾਣ ਵਾਲੀ ਉਸ ਦੀ ਪਤਨੀ ਸ਼ਿਸ਼ਟੀ ਵੀ ਕੈਨੇਡਾ ਵੱਸਣ ਦੇ ਮੋਹ ਅਧੀਨ ਉਸ ਨੂੰ ਉਸ ਦੇ ਹਾਲ 'ਤੇ ਛੱਡ ਕੇ ਆਪਣੇ ਪੁੱਤਰ ਯੁੱਧਵੀਰ ਕੋਲ ਚਲੀ ਜਾਂਦੀ ਹੈ ਤਾਂ ਉਹ ਬਿਲਕੁਲ ਇਕੱਲਾ ਪੈ ਜਾਂਦਾ ਹੈ। ਕੁਝ ਸਮਾਂ ਤਾਂ ਉਹ ਮਿੱਟੀ ਨਾਲ ਆਪਣਾ ਮੋਹ ਪਾਲਦਾ ਹੈ, ਪਰ ਆਖਿਰ ਇਕੱਲਤਾ ਤੋਂ ਘਬਰਾ ਕੇ ਆਪਣੇ ਪੁੱਤਰ ਨੂੰ ਫੋਨ ਕਰਕੇ ਇਹ ਸੂਚਨਾ ਦੇਣ ਲਈ ਮਜਬੂਰ ਹੋ ਜਾਂਦਾ ਹੈ ਕਿ ਉਹ ਵੀ ਕੈਨੇਡਾ ਆ ਰਿਹਾ ਹੈ।

ਰਿਸ਼ਤਿਆਂ ਵਿਚ ਨਿਘਾਸ ਪੈਦਾ ਕਰਨ ਤੇ ਇਹਨਾਂ ਦੀ ਹੰਢਣਸਾਰਤਾ ਵਧਾਉਣ ਦੀਆਂ ਸੂਖਮ ਭਾਵੀ ਜੁਗਤਾਂ ਉਸ ਦੇ ਇਸ ਕਹਾਣੀ ਸੰਗ੍ਰਹਿ ਦਾ ਵਿਸ਼ੇਸ਼ ਹਾਸਲ ਬਣਦੀਆਂ ਹਨ। ਇਸ ਸੰਦਰਭ ਵਿਚ ਉਸ ਦੀ ਕਹਾਣੀ 'ਟੀਨ ਏਜ਼ਰ' ਦਾ ਮਨੋਵਿਗਿਆਨਕ ਧਰਾਤਲ ਅਧਿਆਪਕ-ਵਿਦਿਆਰਥੀ ਸੰਬੰਧਾਂ ਨੂੰ ਅਜਿਹੀ ਮਾਨਵਤਾਵਾਦੀ ਦਿਸ਼ਾ ਪ੍ਰਦਾਨ ਕਰਦਾ ਹੈ, ਜਿਹੜੀ ਦੋਹਾਂ ਧਿਰਾਂ ਨੂੰ ਇਹਨਾਂ ਸੰਬੰਧਾਂ ਦੀ ਪਵਿੱਤਰਤਾ ਦਾ ਤੀਬਰ ਅਹਿਸਾਸ ਕਰਵਾਉਣ ਵਾਲੀ ਹੈ। ਕਹਾਣੀ ਅਨੁਸਾਰ ਕਿਸ਼ੋਰ ਉਮਰ ਦੇ ਬੱਚਿਆਂ ਤੇ ਅਧਿਆਪਕ ਦੇ ਰਿਸ਼ਤੇ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਿਦਿਆਰਥੀਆਂ ਪ੍ਰਤੀ ਅਧਿਆਪਕ ਦਾ ਵਿਵਹਾਰ ਕਿਹੋ ਜਿਹਾ ਹੈ। ਕਹਾਣੀ ਵਿਚਲੇ ਪਤੀ ਪਤਨੀ ਦੋਵੇਂ ਅਧਿਆਪਕ ਹਨ। ਦੋਹਾਂ ਦਾ ਵਾਹ ਅਜਿਹੇ ਬੱਚਿਆਂ ਨਾਲ ਪੈਂਦਾ ਹੈ, ਜੋ ਘਰੇਲੂ ਆਰਥਿਕ ਤੰਗੀਆਂ-ਤੁਰਸ਼ੀਆਂ ਕਾਰਨ ਆਪਣੀ ਪੜ੍ਹਾਈ ਠੀਕ ਤਰ੍ਹਾਂ ਨਾਲ ਜਾਰੀ ਨਹੀਂ ਰੱਖ ਪਾ ਰਹੇ। ਉਹ ਦੋਵੇਂ ਮਾਨਵੀ ਅਧਾਰ 'ਤੇ ਇਹਨਾਂ ਬੱਚਿਆਂ ਦੀ ਆਰਥਿਕ ਮਦਦ ਵੀ ਕਰਦੇ ਹਨ ਤੇ ਆਪਣੇ ਪਿਆਰ ਰਾਹੀਂ ਘਰ ਦਾ ਪਿਆਰ ਨਾ ਮਿਲਣ ਕਾਰਨ ਉਹਨਾਂ ਅੰਦਰ ਪੈਦਾ ਹੋਏ ਖਲਾਅ ਨੂੰ ਵੀ ਪੂਰਦੇ ਹਨ। ਅਧਿਆਪਕ ਹਰਮੀਤ ਕਲਾਸ ਦੀ ਹੋਣਹਾਰ ਪਰ ਗਰੀਬ ਕੁੜੀ ਪ੍ਰਨੀਤ ਦਾ ਭਵਿੱਖ ਸੁਆਰਨ ਲਈ ਉਸ ਦੀ ਆਰਥਿਕ ਮਦਦ ਕਰਦਾ ਹੈ ਤਾਂ ਉਹ ਆਪਣੇ ਮਨ ਹੀ ਮਨ ਉਸ ਨਾਲ ਨਾਲ ਪਿਆਰ ਹੋਣ ਦਾ ਭਰਮ ਪਾਲ ਬੈਠਦੀ ਹੈ। ਉਸ ਦੀ ਪਤਨੀ ਸੁਰਮੀਤ ਪਹਿਲਾਂ ਹੀ ਆਪਣੇ ਵਿਦਿਆਰਥੀ ਗੁਰਦੀਪ ਪ੍ਰਤੀ ਵਿਖਾਈ ਹਮਦਰਦੀ ਦਾ ਖਮਿਆਜ਼ਾ ਗੁਰਮੀਤ ਵੱਲੋਂ ਕੀਤੀ ਆਤਮ-ਹੱਤਿਆ ਦੇ ਰੂਪ ਵਿਚ ਭੁਗਤ ਚੁੱਕੀ ਹੈ, ਇਸ ਲਈ ਉਹ ਨਹੀਂ ਚਾਹੁੰਦਾ ਕਿ ਉਹ ਆਪਣੀ ਨਦਾਨ ਵਿਦਿਆਰਥਣ ਨੂੰ ਝਿੜਕ ਕੇ ਉਸ ਅੰਦਰ ਨਾਂਹ-ਪੱਖੀ ਸੋਚ ਪੈਦਾ ਕਰੇ। ਅੰਤ ਉਹ ਪ੍ਰਨੀਤ ਦੇ ਮਾਪਿਆਂ ਤੇ ਆਪਣੀ ਪਤਨੀ ਨੂੰ ਵਿਸ਼ਵਾਸ ਵਿਚ ਲੈ ਉਸ ਨੂੰ ਮੈਰੀਟੋਰੀਅਸ ਸਕੂਲ ਵਿਚ ਜਾ ਕੇ ਪੜ੍ਹਾਈ ਕਰਨ ਲਈ ਮਨਾ ਲੈਂਦਾ ਹੈ। ਜਦੋਂ ਪ੍ਰਨੀਤ ਨੂੰ ਬਦਲਵੇਂ ਵਾਤਾਵਰਣ ਵਿਚ ਆਪਣਾ ਹਾਣ ਮਿਲ ਜਾਂਦਾ ਹੈ ਤਾਂ ਉਹ ਖੁਦ ਹੀ ਆਪਣੇ ਅਧਿਆਪਕ ਨੂੰ ਮੈਸੇਜ਼ ਕਰ ਦਿੰਦੀ ਹੈ 'ਸੌਰੀ ਸਰ ਮੈਂ ਤੁਹਾਨੂੰ ਪਿਆਰ ਨਹੀਂ ਕਰ ਸਕਦੀ।'

ਕਹਾਣੀ ਦਾ ਅੰਤਲਾ ਵਾਕ, 'ਮਾਫ ਕਰਨਾ ਮੈਂ ਤੁਹਾਨੂੰ ਸਾਰਾ ਮੈਸੇਜ਼ ਨਹੀਂ ਦੱਸ ਸਕਦਾ। ਧੀਆਂ ਦੇ ਵੀ ਕੁਝ ਪਰਦੇ ਹੁੰਦੇ ਨੇ। ਅਧਿਆਪਕ ਵਿਦਿਆਰਥੀ ਸੰਬੰਧਾਂ ਦਾ ਬਹੁਤ ਹੀ ਦਿਲਕਸ਼ ਆਦਰਸ਼ ਸਿਰਜਦਾ ਹੈ, ਜੋ ਰਿਸ਼ਤਿਆਂ ਵਿਚਲੀ ਨੈਤਿਕਤਾ ਦੇ ਬਿਲਕੁਲ ਹਾਣ ਦਾ ਹੈ।'

ਕਹਾਣੀ 'ਐਪੀਲੈਪਸੀ ਵਾਰਡ' ਇਸ ਮਨੋ ਵਿਗਿਆਨਕ ਧਾਰਨਾ ਨੂੰ ਬਲ ਪ੍ਰਦਾਨ ਕਰਦੀ ਹੈ ਕਿ ਜੇ ਮੁਹੱਬਤ ਤੇ ਸਾਂਝੀਵਾਲਤਾ ਦਾ ਜਜ਼ਬਾ ਨਫ਼ਰਤ ਤੇ ਬਿਗਾਨਗੀ ਦੇ ਜਜ਼ਬੇ 'ਤੇ ਹਾਵੀ ਪ੍ਰਭਾਵੀ ਹੋ ਜਾਵੇ ਤਾਂ ਦੁਖਦਾਈ ਦ੍ਰਿਸ਼ ਵੀ ਸੁਖਦਾਈ ਰਾਹਤ ਵਿਚ ਬਦਲ ਜਾਂਦੇ ਹਨ। ਕਹਾਣੀ ਦੇ ਬਿਰਤਾਂਤਕਾਰ ਪਾਤਰ ਦੀ ਪਤਨੀ ਹਸਪਤਾਲ ਦੇ ਐਪੀਲੈਪਸੀ ਵਾਰਡ ਵਿਚ ਦਾਖਲ ਹੈ। ਪਤਨੀ ਦੇ ਸਿਹਤਯਾਬੀ ਦੀ ਚਿੰਤਾ ਕਰਦਿਆਂ ਉਸ ਨੂੰ ਇਕ ਨਵੀਂ ਚਿੰਤਾ ਵੀ ਆ ਘੇਰਦੀ ਹੈ ਕਿ ਸਾਹਮਣੇ ਵਾਲੇ ਬੈੱਡ 'ਤੇ ਪਏ ਬਿਮਾਰ ਬਜ਼ੁਰਗ ਦੇ ਪੁੱਤਰ ਨਾਲ ਉਸ ਦੀ ਕੁਝ ਦਿਨ ਪਹਿਲਾਂ ਹੀ ਰਾਹ ਜਾਂਦਿਆਂ ਲੜਾਈ ਹੋਈ ਹੈ, ਤੇ ਜਿਸ ਉਸ ਨੂੰ 'ਵੇਖ ਲੈਣ' ਦੀ ਧਮਕੀ ਵੀ ਦਿੱਤੀ ਹੋਈ ਹੈ। ਭਾਵੇਂ ਉਹ ਠੰਢ ਨਾਲ ਠਰਦੇ ਆਪਣੇ ਨਵੇਂ ਬਣੇ ਦੁਸ਼ਮਣ ਤੇ ਉਸ ਦੇ ਭਰਾ ਨੂੰ ਕੰਬਲ ਦੇਣ ਦਾ ਕੰਮ ਆਪਣੀ ਪਤਨੀ ਦੀ ਖੁਸ਼ੀ ਲਈ ਕਰਦਾ ਹੈ ਤਾਂ ਪਰ ਉਸ ਦੀ ਇਹ ਹਮਦਰਦੀ ਦੀ ਭਾਵਨਾ ਕੁਦਰਤੀ ਟੈਲੀਪੈਥੀ ਵਾਂਗ ਵਿਰੋਧੀ ਨੌਜਵਾਨ ਦੇ ਅੰਦਰੋਂ ਵੀ ਦੁਸ਼ਮਣੀ ਦੇ ਭਾਵ ਖਤਮ ਕਰ ਦਿੰਦੀ ਹੈ। ਇਸ ਹਮਦਰਦੀ ਦੀ ਭਾਵਨਾ ਦੇ ਅਗਲੇ ਵਿਸਥਾਰ ਸਾਰੇ ਵਾਰਡ ਦੇ ਮਰੀਜ਼ਾਂ ਤੇ ਉਨ੍ਹਾਂ ਦੀ ਸੰਭਾਲ ਕਰਨ ਵਾਲੇ ਤਾਮੀਰਦਾਰਾਂ ਨੂੰ ਸਾਂਝ ਦੀ ਇਕ ਨਵੀਂ ਡੋਰ ਨਾਲ ਬੰਨ੍ਹ ਦਿੰਦੇ ਹਨ ਤਾਂ ਸਾਰੇ ਵਾਰਡ ਵਿੱਚ ਦੀਵਾਲੀ ਦਾ ਤਿਉਹਾਰ ਵੀ ਸਾਂਝੇ ਤੌਰ 'ਤੇ ਮਨਾਇਆ ਜਾਂਦਾ ਹੈ। ਕਹਾਣੀ ਉਸ ਵੇਲੇ ਆਪਣੇ ਪਾਠਕਾਂ ਨੂੰ ਵੀ ਭਾਵੁਕ ਕਰ ਜਾਂਦੀ ਹੈ, ਜਦੋਂ ਵਿਰੋਧੀ ਬਣਿਆ ਨੌਜਵਾਨ ਬਿਰਤਾਂਤਕਾਰ ਦੀ ਪਤਨੀ ਦੀ ਹਸਪਤਾਲ ਵਿੱਚੋਂ ਛੁੱਟੀ ਵੇਲੇ ਇਕ ਭਰਾ ਵਜੋਂ ਉਸ ਦੀ ਝੋਲੀ ਵਿਚ ਸ਼ਗਨ ਪਾ ਕੇ ਉਸ ਨੂੰ ਇਸ ਤਰ੍ਹਾਂ ਹਸਪਤਾਲ ਵਿੱਚੋਂ ਵਿਦਾ ਕਰਦਾ, ਜਿਵੇਂ ਉਹ ਆਪਣੇ ਪੇਕੇ ਘਰ ਤੋਂ ਵਿਦਾ ਹੋ ਕੇ ਜਾ ਰਹੀ ਹੋਵੇ। ਕਹਾਣੀ ਬੇਸ਼ੱਕ ਆਦਰਸ਼ਵਾਦੀ ਸੁਰ ਦੀ ਹੈ, ਪਰ ਇਹ ਆਦਰਸ਼ ਯਥਾਰਥ ਤੋਂ ਬਹੁਤੀ ਦੂਰੀ ਵੀ ਬਣਾ ਕੇ ਨਹੀਂ ਰੱਖਦਾ ਤੇ ਜ਼ਿੰਦਗੀ ਦੀ ਤੋਰ ਨੂੰ ਅੱਗੇ ਲਿਜਾਂਦਾ ਹੈ।

ਕਹਾਣੀ 'ਵਾਲਿਦ ਉਰਫ ਮੰਗੂਦੀਪ' ਇਸ਼ਕ ਵੱਲੋਂ ਜਾਤ-ਪਾਤ ਜਾਂ ਨਾ ਰੰਗ ਰੂਪ ਵੇਖੇ ਜਾਣ ਦੀ ਪਰੰਪਰਿਕ ਧਾਰਨਾ ਦੀ ਪੁਸ਼ਟੀ ਤ

ਕਾਵਿ ਪੁਸਤਕ 'ਚਿੱਟੇ ਪ੍ਰਛਾਵੇਂ' ਲੋਕ ਅਰਪਣ

ਮੋਹਾਲੀ : ਕੌਮਾਂਤਰੀ ਸਾਹਿਤਕ ਮੰਚ (ਰਜਿ.) ਵੱਲੋਂ ਦਫ਼ਤਰ ਜਿਲ੍ਹਾ ਭਾਸ਼ਾ ਅਫਸਰ ਦੇ ਸਹਿਯੋਗ ਨਾਲ ਗਜ਼ਲਕਾਰ ਭੁਪਿੰਦਰ ਸਿੰਘ ਬੇਕਸ ਦੀ ਦੂਸਰੀ ਕਾਵਿ ਪੁਸਤਕ 'ਚਿੱਟੇ ਪ੍ਰਛਾਵੇਂ' ਲਈ ਸਾਹਿਤਕ ਸਮਾਗਮ ਰਚਾਇਆ ਗਿਆ।ਗਾਇਕ ਸੁਰਖਾਬ ਨੇ ਕਾਵਿ ਪੁਸਤਕ ਚਿੱਟੇ ਪ੍ਰਛਾਵੇਂ 'ਚੋਂ ਮਿੱਠੀ ਸੁਰਮਈ ਅਤੇ ਬੁਲੰਦ ਅਵਾਜ਼ ਦਾ ਜਾਦੂ ਬਿਖੇਰਦਿਆਂ ਗੀਤ 'ਆ ਮਿਲ ਰਾਂਝਣਾ', ਜਗਤਾਰ ਸਿੰਘ ਜੋਗ ਨੇ ਗਜ਼ਲ 'ਦਿਲ ਦੇ ਮਹਿਰਮ' ਅਤੇ ਬੀਬਾ ਜਤਿੰਦਰ ਕੌਰ ਨੇ ਟੱਪੇ ਗਾ ਕੇ ਖੂਬ ਰੰਗ ਬੰਨ੍ਹਿਆ।ਰਮਨ ਸੰਧੂ ਨੇ ਖੂਬਸੂਰਤ ਸ਼ੇਅਰ ਕਹੇ, ਸ਼ਾਇਰ ਸ਼ਬਦੀਸ਼ ਨੇ ਤਰੰਨੁਮ ਵਿੱਚ ਗਜ਼ਲ ਸੁਣਾਈ, ਅਮਰਜੀਤ ਪਟਿਆਲਵੀ ਨੇ ਸ਼ਾਹਿਰਾਨਾ ਅੰਦਾਜ਼ ਸ਼ੇਅਰ ਕਹੇ, ਪਿਆਰਾ ਸਿੰਘ ਰਾਹੀ ਨੇ ਗਜ਼ਲ, ਬਾਬੂ ਰਾਮ ਦੀਵਾਨਾ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਨਜ਼ਮ ਕਹੀ। ਪ੍ਰਧਾਨਗੀ ਮੰਡਲ ਵਿੱਚ ਸੁਖਦੇਵ ਸਿੰਘ ਸਿਰਸਾ, ਪ੍ਰੋਫੈਸਰ ਸੁਰਜੀਤ ਜੱਜ, ਡਾ. ਗੁਰਮਿੰਦਰ ਸਿੱਧੂ, ਪ੍ਰੈਸ ਕਲੱਬ ਮੋਹਾਲੀ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਤੇ ਪੁਸਤਕ ਦੇ ਲੇਖਕ ਭੁਪਿੰਦਰ ਬੇਕਸ ਸ਼ਾਮਲ ਸਨ। ਇਸ ਸਮੇਂ ਡਾ. ਗੁਰਮਿੰਦਰ ਸਿੱਧੂ ਨੇ ਪੁਸਤਕ 'ਤੇ ਭਾਵ ਪੂਰਤ ਤੇ ਪੜਚੋਲਵਾਂ ਪੇਪਰ ਪੜ੍ਹਦਿਆਂ ਪੁਸਤਕ ਵਿੱਚੋਂ ਕਈ ਸ਼ੇਅਰਾਂ ਦਾ ਹਵਾਲਾ ਦਿੰਦਿਆਂ ਪੁਸਤਕ ਨੂੰ ਮੁਹੱਬਤੀ ਸਿਰਨਾਵਿਆਂ ਦਾ ਸੁਨੇਹਾ ਐਲਾਨਿਆ। ਮੰਚ ਵੱਲੋਂ ਡਾ. ਗੁਰਮਿੰਦਰ ਸਿੱਧੂ ਨੂੰ ਦੀਵਾਨ ਸਿੰਘ ਮਹਿਰਮ ਯਾਦਗਾਰੀ ਐਵਾਰਡ

ਨਾਲ ਸਨਮਾਨਿਆ ਗਿਆ।ਗੁਰਨਾਮ ਕੰਵਰ ਨੇ ਡਾ. ਸਿੱਧੂ ਲਈ ਸਨਮਾਨ ਪੱਤਰ ਵੀ ਪੜ੍ਹਿਆ।ਮੰਚ ਵੱਲੋਂ ਸੁਖਦੇਵ ਸਿੰਘ ਪਟਵਾਰੀ, ਡਾ. ਅਨਿਲ ਅੰਗਰਿਸ਼, ਡਾ. ਮਨਜਿੰਦਰ ਗਿੱਲ ਤੇ ਡਾ. ਦਰਸ਼ਨ ਕੌਰ ਖੋਜ ਅਫਸਰ ਨੂੰ ਵੀ ਸਨਮਾਨਿਤ ਕੀਤਾ ਗਿਆ। ਵਿਚਾਰ ਚਰਚਾ ਵਿੱਚ ਗੁਰਨਾਮ ਕੰਵਰ, ਸੁਖਦੇਵ ਸਿੰਘ ਪਟਵਾਰੀ, ਡਾ. ਅਨਿਲ ਅੰਗਰਿਸ਼, ਡਾ. ਮਨਜਿੰਦਰ ਗਿੱਲ, ਡਾ. ਅਵਤਾਰ ਸਿੰਘ ਪਤੰਗ ਤੇ ਪਾਲ ਅਜਨਬੀ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚੋਂ ਸਭ ਤੋਂ ਪਹਿਲਾਂ ਸੁਖਦੇਵ ਸਿੰਘ ਸਿਰਸਾ ਨੇ ਪੁਸਤਕ 'ਤੇ ਚਰਚਾ ਕਰਦਿਆਂ ਅਜੋਕੇ ਦੌਰ ਦੀ ਸ਼ਾਇਰੀ 'ਤੇ ਚਰਚਾ ਕੀਤੀ ਤੇ 'ਚਿੱਟੇ ਪ੍ਰਛਾਵੇਂ' ਦੀ ਸ਼ਾਇਰੀ ਦੀ ਮੁੱਖ ਸੁਰ ਮੁਹੱਬਤ ਨੂੰ ਕਬੂਲ ਕਰਦਿਆਂ ਲੇਖਕ ਨੂੰ ਥਾਪੜਾ ਵੀ ਦਿੱਤਾ। ਪ੍ਰੋਫੈਸਰ ਸੁਰਜੀਤ ਜੱਜ ਨੇ ਕਿਹਾ ਕਿ ਹੁਣ ਪੰਜਾਬੀ ਗਜ਼ਲ ਉਰਦੂ ਦੇ ਪ੍ਰਭਾਵ ਤੋਂ ਮੁਕੰਮਲ ਮੁਕਤ ਹੋ ਚੁੱਕੀ ਹੈ ਅਤੇ ਆਪਣੀਆਂ ਪੈੜਾ ਖੁੱਦ ਬਣਾ ਰਹੀ ਹੈ। ਮੁੱਖ ਮਹਿਮਾਨ ਕੁਲਵੰਤ ਸਿੰਘ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਮਨੁੱਖ ਨੂੰ ਅਗਾਊਂ ਸਮੇਂ ਅੰਦਰ ਪਫੁੱਲਤ ਕਰਨ ਲਈ ਅੱਜ ਦੇ 'ਚਿੱਟੇ ਪ੍ਰਛਾਵੇਂ' ਵਰਗੀ ਸ਼ਾਇਰੀ ਦੀ ਲੋੜ ਹੈ।ਉਹਨਾਂ ਭਵਿੱਖ ਵਿੱਚ ਵੀ ਮੰਚ ਨੂੰ ਅਜਿਹੀਆਂ ਕਾਰਵਾਈਆਂ ਕਰਨ ਲਈ ਪ੍ਰੇਰਿਆ। ਸੁਖਦੇਵ ਸਿੰਘ ਪਟਵਾਰੀ ਨੇ ਮੁੱਖ ਮਹਿਮਾਨ ਕੁਲਵੰਤ ਸਿੰਘ ਦੀ ਸ਼ਲਾਘਾ ਕਰਦਿਆਂ ਉਹਨਾਂ ਵੱਲੋਂ ਸਮਾਜ ਦੀ ਸੇਵਾ ਉੱਤੇ ਭਰਪੂਰ ਚਾਨਣਾ ਪਾਇਆ। ਅੰਤ ਵਿੱਚ ਭੁਪਿੰਦਰ ਸਿੰਘ ਬੇਕਸ ਨੇ ਸਾਰੇ ਬੁੱਧੀਜੀਵੀਆਂ ਵੱਲੋਂ ਪ੍ਰਗਟਾਏ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ ਤੇ ਕੁੱਝ ਸ਼ੇਅਰ ਤਰੰਨੁਮ ਵਿੱਚ ਕਹੇ।

'ਵਡੇ ਭਾਗ ਗੁਰਸਿਖਾ ਕੇ' ਲੋਕ ਅਰਪਣ

ਸ੍ਰੀ ਅਨੰਦਪੁਰ ਸਾਹਿਬ-ਸਿੱਖ ਪੰਥ ਦੀ ਮਹਾਨ ਨਿਸ਼ਕਾਮ ਸ਼ਖ਼ਸੀਅਤ ਅਤੇ ਵਿਦਵਾਨ ਗੁਰਪੁਰਵਾਸੀ ਪ੍ਰਿੰਸੀਪਲ ਸੁਰਿੰਦਰ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਸਮੇਂ-ਸਮੇਂ ਪੰਥ ਪ੍ਰਚਾਰ ਹਿੱਤ ਕੀਤੇ ਗਏ ਲੈਕਚਰ ਅਤੇ ਲਿਖੇ ਗਏ ਗੁਰਮਤਿ ਲੇਖਾਂ ਦੀ, ਸਿੱਖ ਵਿਦਵਾਨ ਇਕਵਾਕ ਸਿੰਘ ਪੱਟੀ ਵੱਲੋਂ ਸੰਪਾਦਿਤ ਕੀਤੀ ਗਈ ਕਿਤਾਬ 'ਵਡੇ ਭਾਗ ਗੁਰਸਿਖਾ ਕੇ' ਸਿੱਖ ਮਿਸ਼ਨਰੀ ਕਾਲਜ ਵਿਖੇ ਇੱਕ ਸੰਖੇਪ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ ਨੇ ਕਿਹਾ ਕਿ, 'ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਆਪਣਾ ਸਾਰਾ ਜੀਵਨ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਤ ਸ਼ਖ਼ਸੀਅਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ ਦੇ ਗੁਰਮਤਿ ਵਿਖਿਆਨਾਂ ਅਤੇ ਲੇਖਾਂ ਨੂੰ ਸੰਪਾਦਿਤ ਕਰਕੇ ਸਿੱਖ ਸਾਹਿਤ ਦੀ ਝੋਲੀ ਪਾਉਣਾ ਇਕ ਬਹੁਤ ਮਿਹਨਤ ਵਾਲਾ ਵੱਡਾ ਕੰਮ ਸੀ, ਜੋ ਕਾਲਜ ਦੇ ਵਿਦਿਆਰਥੀ ਰਹੇ ਇਕਵਾਕ ਸਿੰਘ ਪੱਟੀ ਨੇ ਬਾਖ਼ੂਬੀ ਕਰ ਦਿਖਾਇਆ ਹੈ ਅਤੇ ਆਪਣੇ ਗੁਰੂ/ਉਸਤਾਦ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ। ਇਸ ਕਿਤਾਬ ਤੋਂ ਪਾਠਕ, ਵਿਦਿਆਰਥੀ, ਜਗਿਆਸੂ ਅਤੇ ਸਿੱਖ ਸੰਗਤਾਂ ਵੱਧ ਤੋਂ ਵੱਧ ਲਾਹਾ ਲੈ ਸਕਦੀਆਂ ਹਨ।' ਇਕਵਾਕ ਸਿੰਘ ਪੱਟੀ ਨੇ ਇਸ ਕਿਤਾਬ ਬਾਰੇ ਦੱਸਦਿਆਂ ਕਿਹਾ ਕਿ ਇਹ ਕਿਤਾਬ ਮਾਝਾ ਵਰਲਡਵਾਈਡ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਵਿੱਚ ਪ੍ਰਿੰਸੀਪਲ ਦੇ ਚੋਣਵੇਂ ਲੈਕਚਰ ਪਹਿਲਾਂ ਸੁਣ ਕੇ, ਫਿਰ ਲਿਖੇ ਗਏ ਅਤੇ ਬਾਅਦ ਵਿੱਚ ਸੁਧਾਈ ਉਪਰੰਤ ਪ੍ਰਕਾਸ਼ਿਤ ਕੀਤੇ ਗਏ। ਇਸ ਦੇ ਨਾਲ ਪ੍ਰਿੰਸੀਪਲ ਵੱਲੋਂ ਲਿਖਤ ਵੱਖ-ਵੱਖ ਗੁਰਮਤਿ ਲੇਖਾਂ ਨੂੰ ਇਕੱਤਰ ਕਰਕੇ ਇਸ ਕਿਤਾਬ ਵਿੱਚ ਸ਼ਾਮਲ ਕੀਤਾ ਗਿਆ ਅਤੇ ਉਹਨਾਂ ਵੱਲੋਂ ਲਿਖਤ ਧਾਰਮਿਕ ਵਸੀਅਤ ਵੀ ਇਸ ਕਿਤਾਬ ਦੇ ਆਖ਼ਿਰ ਵਿੱਚ ਦਿੱਤੀ ਗਈ ਹੈ। ਸਿੱਖ ਮਿਸ਼ਨਰੀ ਕਾਲਜ ਦੇ ਮੈਂਬਰ ਰਾਜਾ ਸਿੰਘ, ਜਗਮੋਹਨ ਸਿੰਘ ਹੁਰਾਂ ਅਤੇ ਹੋਰ ਕਾਲਜ ਪ੍ਰਬੰਧਕੀ ਕਮੇਟੀ ਵੱਲੋਂ ਇਸ ਮੌਕੇ ਇਕਵਾਕ ਸਿੰਘ ਪੱਟੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ 'ਕਲਮੀ ਰਮਜ਼ਾਂ-4' ਲੋਕ ਅਰਪਣ

ਲੁਧਿਆਣਾ : ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਕਾਸ਼ਿਤ ਪੁਸਤਕ 'ਕਲਮੀ ਰਮਜ਼ਾਂ-4' ਲੋਕ ਅਰਪਨ ਕੀਤੀ ਗਈ। ਇਹ ਪੁਸਤਕ ਬਲਿਹਾਰ ਸਿੰਘ ਲਹਿਲ (ਸਿਆਟਲ), ਮੰਗਤ ਕੁਲਜਿੰਦ ਤੇ ਪ੍ਰਿਤਪਾਲ ਸਿੰਘ

ਟਿਵਾਣਾ ਵੱਲੋਂ ਸੰਪਾਦਿਤ ਕੀਤੀ ਗਈ ਹੈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ ਚੇਅਰਮੈਨ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਨੇ ਕੀਤੀ।ਉਨ੍ਹਾਂ ਕਿਹਾ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅੰਤਰਰਾਸ਼ਟਰੀ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਦਾ ਆਪਸੀ ਸਹਿਯੋਗ ਬੇਹੱਦ ਜ਼ਰੂਰੀ ਹੈ। ਆਪਸੀ ਆਦਾਨ-ਪ੍ਰਦਾਨ ਨਾਲ ਬਹੁਤ ਸਾਰੇ ਪੰਜਾਬੀ ਭਾਸ਼ਾ ਵਿਕਾਸ ਮਸਲੇ ਹੱਲ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਆਟਲ ਵੱਸਦੇ ਰਹੇ ਸਵਰਗੀ ਪੰਜਾਬੀ ਕਵੀ ਹਰਭਜਨ ਸਿੰਘ ਬੈਂਸ ਦੀ ਸਮੁੱਚੀ ਕਾਵਿ ਰਚਨਾ 'ਤੇਰੇ ਜਾਣ ਮਗਰੋਂ' ਨੂੰ ਉਹ ਭੁਪਿੰਦਰ ਸਿੰਘ ਮੱਲ੍ਹੀ ਤੇ ਪਰਵਾਰ ਦੇ ਸਹਿਯੋਗ ਨਾਲ ਸੰਪਾਦਿਤ ਕਰ ਰਹੇ ਹਨ।ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐੱਨ.ਆਈ.ਐੱਮ.ਟੀ. ਲੁਧਿਆਣਾ ਨੇ ਪੁਸਤਕ 'ਕਲਮੀ ਰਮਜ਼ਾਂ-4' ਬਾਰੇ ਵਿਚਾਰ ਚਰਚਾ ਕਰਦੇ ਹੋਏ ਦੱਸਿਆ ਕਿ 31 ਲੇਖਕਾਂ ਦੀਆਂ ਰਚਨਾਵਾਂ ਇਸ ਕਿਤਾਬ ਵਿੱਚ ਸ਼ਾਮਲ ਹਨ। ਇਸ ਵਿੱਚ ਕਹਾਣੀਆਂ, ਕਵਿਤਾਵਾਂ ਤੇ ਲੇਖ ਵੀ ਸ਼ਾਮਲ ਹਨ। ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਲੋਚੀ ਨੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੀ 2009 ਵਿੱਚ ਸਥਾਪਨਾ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਸਿਆਟਲ ਤੋਂ ਆਏ ਲੇਖਕ ਲੱਕੀ ਕਮਲ (ਨੂਰਪੁਰ ਬੇਟ) ਨੇ ਆਪਣੀਆਂ ਖੂਬਸੂਰਤ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਰਜਿੰਦਰ ਕੌਰ ਮਲਹੋਤਰਾ ਨੇ ਆਏ ਮਹਿਮਾਨਾਂ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ ਤੇ ਇਸ ਪੁਸਤਕ ਵਿੱਚ ਸ਼ਾਮਲ ਲੇਖਕਾਂ ਤੇ ਸੰਪਾਦਕੀ ਮੰਡਲ ਨੂੰ ਸ਼ੁੱਭ ਇੱਛਾਵਾਂ ਭੇਟ ਕੀਤੀਆਂ। ਇਸ ਮੌਕੇ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ, ਮੈਂਬਰ ਕੁਲਜੀਤ ਸਿੰਘ, ਪ੍ਰੋ. ਰਵਿੰਦਰ ਸਿੰਘ ਭੱਠਲ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਡਾ. ਗੁਰਇਕਬਾਲ ਸਿੰਘ ਸਾਬਕਾ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਡਮੀ, ਤ੍ਰੈਲੋਚਨ ਲੋਚੀ ਤੇ ਡਾ. ਗੁਰਚਰਨ ਕੌਰ ਕੋਚਰ (ਦੋਵੇਂ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ), ਡਾ. ਦਲੀਪ ਸਿੰਘ, ਡਾ. ਅਰਵਿੰਦਰ ਕੌਰ, ਡਾ. ਮਨਦੀਪ ਕੌਰ ਰੰਧਾਵਾ, ਰਾਜਿੰਦਰ ਸਿੰਘ ਸੰਧੂ ਅਤੇ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

'ਵੈਰਾਗ ਅਤੇ ਬਲਿਦਾਨ ਦਾ ਚਾਂਦਨੀ ਚੌਕ' ਰਿਲੀਜ਼

ਲੁਧਿਆਣਾ-ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਸਿੱਖਾਂ ਦੀ ਸਰਵਉੱਚ ਸ਼ਹੀਦੀ ਦੇ 350ਵੇਂ ਵਰ੍ਹੇ ਦੀ ਯਾਦ ਵਿੱਚ ਇੱਕ ਕਿਤਾਬ 'ਵੈਰਾਗ ਅਤੇ ਬਲਿਦਾਨ ਦਾ ਚਾਂਦਨੀ ਚੌਕ', ਸਾਬਕਾ ਵਿਦਿਆਰਥੀ ਬ੍ਰਿਜ ਭੂਸ਼ਣ ਗੋਇਲ ਦੁਆਰਾ ਸੰਪਾਦਨ ਕੀਤੀ ਗਈ ਉਸ ਦੇ ਅਲਮਾਮੇਟਰ ਐੱਸ ਸੀ ਡੀ ਸਰਕਾਰੀ ਕਾਲਜ, ਲੁਧਿਆਣਾ ਵਿੱਚ ਰਿਲੀਜ਼ ਕੀਤੀ ਗਈ।ਪ੍ਰਿੰਸੀਪਲ ਗੁਰਸ਼ਰਨਜੀਤ ਸਿੰਘ ਸੰਧੂ ਨੇ ਆਪਣੇ ਸਾਬਕਾ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਦੱਸਿਆ ਕਿ ਲੇਖਕ ਨੇ ਆਪਣੇ ਕਾਲਜ ਦੇ ਪੁਰਾਲੇਖਾਂ ਤੋਂ ਵਿਦਵਾਨਾਂ ਦੇ ਬਹੁਤ ਮਹੱਤਵਪੂਰਨ ਲੇਖਾਂ ਨੂੰ ਇੱਕ ਥਾਂ 'ਤੇ ਢੁਕਵੇਂ ਢੰਗ ਨਾਲ ਦੁਬਾਰਾ ਤਿਆਰ ਕੀਤਾ ਹੈ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਬਹੁਤ ਸਾਰੇ ਸਾਬਕਾ ਵਿਦਿਆਰਥੀਆਂ ਨੇ ਇਸ ਕਿਤਾਬ ਵਿੱਚ ਯੋਗਦਾਨ ਪਾਇਆ ਹੈ ਅਤੇ ਸ਼ਹੀਦੀ ਦੇ 350ਵੇਂ ਵਰ੍ਹੇ 'ਤੇ ਸ਼ਰਧਾਂਜਲੀ ਭੇਟ ਕੀਤੀ ਹੈ। ਇਹ ਕਿਤਾਬ ਸਾਨੂੰ ਉਸ ਇਤਿਹਾਸਕ ਪਲਾਂ ਨਾਲ ਜੋੜਦੀ ਹੈ, ਜਦੋਂ ਸਾਡੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੇ ਧਰਮ ਦੀ ਰੱਖਿਆ ਵਿੱਚ ਸਵੈ-ਕੁਰਬਾਨ ਕੀਤਾ ਸੀ। ਇਸ ਮੌਕੇ ਸਾਬਕਾ ਵਿਦਿਆਰਥੀ ਨਵਦੀਪ ਸਿੰਘ (ਸਾਬਕਾ ਡਾਇਰੈਕਟਰ ਐੱਫ ਐੱਮ ਗੋਲਡ ਏ ਆਈ ਆਰ), ਕੇ ਬੀ ਸਿੰਘ (ਸਾਬਕਾ ਡੀ ਜੀ ਐੱਮ ਪੀ ਐੱਨ ਬੀ), ਕੈਪਟਨ ਅਜੀਤ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਕਾਲਜ ਅਧਿਆਪਕ ਪ੍ਰੋ. ਹਰਮੀਤ ਕੌਰ ਝੱਜ, ਪ੍ਰੋ. ਅਮਿਤਾ ਰੌਲੇ, ਪ੍ਰੋ. ਗੀਤਾਂਜਲੀ ਪਬਰੇਜਾ, ਪ੍ਰੋ. ਨਿਸ਼ੀ ਅਰੋੜਾ, ਡਾ. ਸੌਰਭ ਕੁਮਾਰ ਅਤੇ ਪ੍ਰੋ. ਪਰਮਜੀਤ ਚੰਦਰ ਅਤੇ ਕਾਲਜ ਲਾਇਬ੍ਰੇਰੀਅਨ ਭਰਪੂਰ ਸਿੰਘ ਵੀ ਮੌਜੂਦ ਸਨ।

ਡਾ. ਮੁਕਤੀ ਗਿੱਲ, ਡਾਇਰੈਕਟਰ ਖਾਲਸਾ ਦੀਵਾਨ ਨੇ ਕਿਤਾਬ ਦੀ ਸ਼ੁਰੂਆਤ ਵਿੱਚ ਕਿਹਾ ਹੈ ਕਿ ਅਜਿਹੀ ਕਿਤਾਬ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਰਚਨਾ ਦੇ ਸੰਪਾਦਨ ਵਿੱਚ ਲੇਖਕ ਦਾ ਸਮਰਪਣ ਸਪੱਸ਼ਟ ਅਨੁਭਵ ਹੁੰਦਾ ਹੈ। ਇਤਿਹਾਸ ਅਤੇ ਅਧਿਆਤਮਿਕਤਾ ਦਾ ਸੰਤੁਲਨ ਇਸ ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ, ਜਿਨ੍ਹਾਂ ਨੇ ਵੀ ਉਸੇ ਕਾਲਜ ਵਿੱਚ ਪੜ੍ਹਾਈ ਕੀਤੀ ਸੀ, ਨੇ ਕਾਲਜ ਦੇ ਇੱਕ ਪੁਰਾਣੇ ਵਿਦਿਆਰਥੀ ਗੋਇਲ ਦੁਆਰਾ ਬਹੁਤ ਸਾਰੇ ਵਿਦਵਤਾਪੂਰਨ ਲੇਖਾਂ ਦੇ ਸੰਗ੍ਰਹਿ ਦੀ ਵੀ ਸ਼ਲਾਘਾ ਕੀਤੀ ਹੈ।ਸੰਪਾਦਕ ਲੇਖਕ ਗੋਇਲ ਨੇ ਦੱਸਿਆ ਕਿ ਕਿਉਂਕਿ ਇਹ ਪੁਸਤਕ ਹਿੰਦੀ ਵਿਚ ਹੈ, ਇਸ ਲਈ ਪੰਜਾਬ ਤੋਂ ਬਾਹਰਲੇ ਲੋਕ ਵੀ ਸੱਚ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਖਾਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਰਵੋਤਮ ਵੈਰਾਗ ਅਤੇ ਸ਼ਹਾਦਤ ਨੂੰ ਜਾਣ ਸਕਣਗੇ।

ਪਰਵਾਸੀ ਮਸਲਿਆਂ 'ਤੇ ਅੰਤਰਰਾਸ਼ਟਰੀ ਵਿਚਾਰ-ਚਰਚਾ

ਲੁਧਿਆਣਾ : ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪਰਵਾਸ ਦੇ ਮਸਲੇ ਵਿਸ਼ੇ 'ਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਦਲਬੀਰ ਸਿੰਘ ਕਥੂਰੀਆ, ਸੰਸਥਾਪਕ ਵਿਸ਼ਵ ਪੰਜਾਬੀ ਭਵਨ ਟੋਰੰਟੋ ਕੈਨੇਡਾ ਨੇ ਕੀਤੀ।ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਲੇਖਕ ਰਵਿੰਦਰ ਸਿੰਘ ਸਹਿਰਾਅ (ਅਮਰੀਕਾ) ਅਤੇ ਭੁਪਿੰਦਰ ਮੱਲੀ (ਕੈਨੇਡਾ) ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ ਜੀ ਐਨ ਆਈ ਐਮ ਟ

ਹਰੀ ਕ੍ਰਿਸ਼ਨ ਮਾਇਰ ਹਰਫ਼ਨਮੌਲਾ ਲੇਖਕ ਹੈ। ਉਹ ਵਿਗਿਆਨ ਦੀ ਵਾਰਤਕ ਲਿਖਦਾ ਹੈ। ਬੱਚਿਆਂ ਲਈ ਉਸ ਦੀਆਂ ਕਈ ਪੁਸਤਕਾਂ ਛਪ ਚੁੱਕੀਆਂ ਹਨ।ਉਸ ਨੇ ਤਕਰੀਬਨ ਪੰਜ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ।ਵਿਗਿਆਨਕ ਕਵਿਤਾਵਾਂ, ਬੁਝਾਰਤਾਂ ਅਤੇ ਗੀਤ ਲਿਖੇ ਹਨ। ਸ਼ਾਇਰੀ ਵੀ ਕਰ ਲੈਂਦਾ।ਵਿਅੰਗ ਵੀ ਲਿਖਦਾ। ਉਹ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਸ਼ਾਹਮੁਖੀ ਲਿੱਪੀ ਦੇ ਦੇਸ਼-ਵਿਦੇਸ਼ ਦੇ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਦਾ ਹੈ। ਪੇਸ਼ ਹੈ ਉਸ ਦੀ ਸ਼ਾਇਰੀ ਦਾ ਇਹ ਰੰਗ, ਚਾਰ ਨਜ਼ਮਾਂ ਦੇ ਰੂਪ ਵਿੱਚ

ਹਰੀ ਕ੍ਰਿਸ਼ਨ ਮਾਇਰ ਦੀਆਂ ਤਾਜ਼ਾ ਲਿਖੀਆਂ ਨਜ਼ਮਾਂ

ਪਛਤਾਵਾ

ਕੋਈ ਪਛਤਾਵਾ ਨਹੀਂ
ਜ਼ਿੰਦਗੀ ਤੋਂ
ਅਤੀਤ ਨੇ ਝਰੀਟਿਆ ਹੈ
ਰੂਹ ਨੂੰ
ਗਿਣੇ ਨਹੀਂ ਜਾਂਦੇ ਜ਼ਖ਼ਮ
ਪਿੱਠ ਭੁਆਂ ਕੇ
ਨਹੀਂ ਦੇਖਿਆ ਕਦੀ
ਚੇਤਾ ਆਉਂਦਾ ਤਾਂ
ਮੁਸਕਰਾ ਪੈਨਾਂ
ਕਮਲਿਆ!
ਜੇ ਜ਼ਖਮ ਨਾ ਹੁੰਦੇ
ਰੂਹ ਝਰੀਟੀ ਨਾ ਜਾਂਦੀ
ਐਨਾ ਸਮਰੱਥ ਹੋ ਕੇ ਤੂੰ
ਅੱਜ ਲੋਕਾਂ ਦੇ ਰੂਬਰੂ
ਖੜਾ ਨਾ ਹੁੰਦਾ
ਕੋਈ ਪਛਤਾਵਾ ਨਹੀਂ
ਮੈਨੂੰ ਜ਼ਿੰਦਗੀ ਤੋਂ

ਨਜ਼ਰ ਵੱਟੂ

ਜੋ ਕਵਿਤਾਵਾਂ
ਕਿਸੇ ਬੱਚੇ ਨਾਲ
ਮਾਂ ਵਾਂਗੂੰ
ਖੜੀਆਂ ਰੋਂਦੀਆਂ
ਬੇਆਸਰੇ ਦਾ
ਆਸਰਾ ਬਣਦੀਆਂ
ਬਾਂਹ ਫੜਦੀਆਂ
ਦੱਬੇ ਕੁਚਲੇ ਅਹਿਸਾਸਾਂ
ਦੀ ਜ਼ੁਬਾਨ ਬਣਦੀਆਂ
ਮਿੱਟੀ ਦੇ ਵਾਲ਼ ਵਾਹੁੰਦੀਆਂ
ਫੁੱਲ ਬੂਟਿਆਂ ਲਈ
ਵੱਟਾਂ ਬਣਾਉਂਦੀਆਂ
ਹੰਝੂ ਕੇਰਦੀਆਂ
ਨੱਚਦੀਆਂ ਗਾਉਂਦੀਆਂ
ਜੁਆਕਾਂ ਵਾਂਗੂੰ ਲੱਤਾਂ ਨੂੰ
ਚਿੰਬੜ ਜਾਂਦੀਆਂ
ਜੱਫੀ ਭਰ ਲੈਂਦੀਆਂ
ਮੋਹਮੱਤੀਆਂ
ਰੂਹ ਤੀਕ ਉੱਤਰ ਜਾਂਦੀਆਂ
ਗੱਲਾਂ ਕਰਦੀਆਂ
ਸਵਾਲ ਪੁੱਛਦੀਆਂ
ਸੰਵਾਦ ਰਚਾਉਂਦੀਆਂ
ਉਨ੍ਹਾ ਕਵਿਤਾਵਾਂ ਨੂੰ
ਜਿਲਦ 'ਚ ਬੰਨ੍ਹਣ ਸਮੇਂ
ਕਿਸੇ ਤੁਆਰਫ
ਮੁੱਖ ਬੰਦ ਜਾਂ
ਕਿਸੇ ਨਜ਼ਰਵੱਟੂ ਦੀ
ਲੋੜ ਨਹੀਂ ਹੁੰਦੀ

ਚੁੱਪ

ਭੁਲੇਖਾ ਹੈ ਤੇਰਾ ਮਿੱਤਰਾ
ਕਿ ਚੁੱਪ ਖੋਖਲ਼ੀ ਹੁੰਦੀ ਹੈ
ਨਾ! ਨਾ!
ਚੁੱਪ ਖੋਖਲ਼ੀ ਨਹੀਂ ਹੁੰਦੀ
ਸਵਾਲਾਂ ਨਾਲ ਨੱਕੋ-ਨੱਕ ਭਰੀ ਹੁੰਦੀ ਹੈ
ਊਰਜਾ ਨਾਲ ਓਤ ਪੋਤ ਹੁੰਦੀ ਹੈ
ਤੂੰ ਰੋਜ਼ ਵਿਹੰਨਾ
ਸੂਰਜ ਚੁੱਪ ਕਰਕੇ ਚੜ੍ਹਦਾ
ਬੱਦਲਾਂ ਤੋਂ ਕਣੀਆਂ ਦੀ ਪੌੜੀ
ਮੀਂਹ ਉਤਰਦਾ
ਪਰਬਤਾਂ 'ਤੇ ਬਰਫ਼ ਪੈਂਦੀ
ਪੌਦੇ ਫੁੱਲ ਖੁਸ਼ਬੂਆਂ ਨਾਲ
ਚੁਪਕੇ ਸ਼ਿੰਗਾਰ ਕਰਦੇ
ਚੁੱਪ ਕਰਕੇ ਦਿਨ ਰਾਤ ਉਤਰਦੇ
ਚੁੱਪ ਊਰਜਾ ਨਾਲ ਓਤ ਪੋਤ
ਚੁੱਪ ਨਵੇਂ ਵਿਚਾਰਾਂ ਦਾ ਸਰੋਤ
ਭੁਲੇਖਾ ਹੈ ਤੇਰਾ
ਕਿ ਚੁੱਪ ਖੋਖਲ਼ੀ ਹੁੰਦੀ
ਚੁੱਪ ਪ੍ਰਾਪਤੀਆਂ ਦਾ
ਜਸ਼ਨ ਨਹੀਂ ਮਨਾਉਂਦੀ
ਰਾਜਨੀਤੀ ਨਹੀਂ ਖੇਡਦੀ
ਨੇਤਾਵਾਂ ਵਾਂਗ
ਫੋਕੇ ਸੁਪਨੇ ਨਹੀਂ ਦਿਖਾਉਂਦੀ
ਜੋ ਕਰਨਾ ਹੁੰਦਾ ਕਰ ਦਿਖਾਉਂਦੀ
ਆਪਣੇ ਸੋਹਲੇ ਨਹੀਂ ਗਾਉਂਦੀ
ਲੰਬੀ ਚੁੱਪ ਪਿੱਛੋਂ
ਜ਼ਬਰਦਸਤ 'ਨ੍ਹੇਰੀ ਆਉਂਦੀ।

ਹੋਮੋਸੇਪੀਅਨ

ਅੱਗੇ ਨਹੀਂ ਤੁਰ ਰਹੇ
ਹੋਮੋਸੇਪੀਅਨਾਂ ਪੁੱਤ ਪੋਤਰੇ ਪੜਪੋਤਰੇ
ਪਿਛਾਂਹ ਨੂੰ ਮੁੜ ਰਹੇ ਹਨ
ਹੋਂਦ ਦੀ ਤਲਾਸ਼ 'ਚ
ਤਿੰਨ ਅਰਬ ਸਾਲ ਪਹਿਲਾਂ
ਇੱਕੋ ਕੋਸ਼ਿਕਾ ਤੋਂ ਜਨਮੇ
ਮੱਛੀਆਂ, ਡੱਡੂਆਂ, ਡਾਇਨਾਸੌਰ
ਹੋਮੋਸੇਪੀਅਨ
ਮੁੜ ਪਏ ਹਨ
ਸੰਭਾਵਨਾਵਾਂ ਦਾ ਮੇਲਾ ਦੇਖਣ
ਕਿ ਬਾਂਦਰਾਂ, ਵਣਮਾਨਸਾਂ ਤੋਂ
ਕਿੰਜ ਬਣਿਆ ਸੀ ਮਨੁੱਖ
ਹੀਣਤਾ ਮੰਨ ਰਹੇ ਨੇ
ਬਾਂਦਰਾਂ ਦੇ ਵੰਸ਼ਜ਼ ਅਖਵਾਉਣ ਤੋਂ
ਕੰਨੀ ਕਤਰਾਂਦੇ ਨੇ
ਜਦ ਬੱਚੇ ਡਾਰਵਿਨ ਦਾ ਸਿਧਾਂਤ ਪੜ੍ਹਦੇ
ਕਿਤਾਬਾਂ 'ਚੋਂ ਵਿਕਾਸ ਦੇ ਸਿਧਾਂਤ
ਨੂੰ ਕੱਢਣ ਲੱਗੇ ਨੇ
ਡਾਰਵਿਨ ਦੀਆਂ ਪੈੜਾਂ ਮਿਟਾ ਰਹੇ ਨੇ
ਵਿਸ਼ਵ ਗੁਰੂ ਬਣ ਰਿਹਾ
ਸਾਡਾ ਮੁਲਕ
ਪਿਛਾਂਹ ਮੁੜਨ ਜਾਂ
ਅਗਾਂਹ ਤੁਰਨ ਵਿੱਚ
ਹੋਮੋਸੇਪੀਅਨ ਤਾਂ ਪਿਛਾਂਹ ਨੂੰ
ਮੁੜ ਪਏ ਹਨ।

ਮੋਬਾ. 97806-67686

ਉਹ ਸਿਰਜਦਾ ਹੈ ਖ਼ੂਬਸੂਰਤ ਸ਼ਬਦਾਂ ਦੇ ਸੰਵਾਦ..

ਲਿਖਣ ਲੱਗਿਆ ਲੱਭਦਾ ਹੈ ਸੂਖਮ ਮਜ਼ਬੂਨ ਤੇ ਸ਼ਬਦ ਪਰੋਣ ਲੱਗਿਆਂ ਦਿਲ ਦੇ ਗਹਿਰੇ ਬ੍ਰਹਿਮੰਡ ਵਿੱਚ ਡੁੱਬ ਜਾਂਦਾ ਹੈ। ਅੱਖਾਂ 'ਚ ਤਰਲਤਾ ਭਰਦਾ, ਮਨ-ਮਸਤਕ ਵਿੱਚ ਤਾਰਿਆਂ ਤੋਂ ਸ਼ਬਦ ਭਾਲਦਾ, ਫਿਰ ਲਿਖਦਾ ਹੈ, ਹਰਫਾਂ ਨਾਲ ਸੰਵਾਦ, ਬੜੀ ਹੀ ਸੁਭਾਵਿਕ ਉਹ ਗੱਲ ਕਰਦਾ ਹੈ। ਆਪਣੇ ਬ੍ਰਹਿਮੰਡ ਦੇ ਤਾਰਿਆਂ ਦੇ ਨਾਂਅ ਲੈਣ ਤੋਂ ਕਦੀ ਨਹੀਂ ਉੱਕਦਾ, ਬੁੱਕ ਭਰ-ਭਰ ਕੇ ਪਿਆਰ ਵੰਡਦਾ, ਮੋਹ ਦੀ ਗਲਵੱਕੜੀ ਪਾਉਂਦਾ।ਸਹਿਜ ਹੋ ਤੁਰ, ਕਿਸੇ ਨਵੇਂ ਸਫਰ ਵੱਲ ਮਿੱਠੀ ਜਿਹੀ ਮੁਸਕਰਾਹਟ ਲੈ ਕਿੰਨਾ ਕੁਝ ਸਮੇਟ ਤੁਰ ਪੈਂਦਾ ਹੈ।

ਹਾਂ,..ਭਲਾ ਕੌਣ ਹੈ?

ਇਹ ਹੈ

ਡਾਕਟਰ ਸਾਹਿਬ ਸਿੰਘ

ਜੋ ਪਿਛਲੇ ਕੁਝ ਵਰ੍ਹਿਆਂ ਤੋਂ ਸੋਲੋ ਨਾਟਕ ਦੀ ਪਰਿਭਾਸ਼ਾ ਦਾ ਮੁਹਾਂਦਰਾ ਵੇਖਿਆ, ਇਸ ਦੇ ਨਕਸ਼ ਤਰਾਸ਼ੇ ਹੋਏ ਹਨ ਅਤੇ ਬੜੇ ਸਹਿਜ ਕਰ ਦਿੰਦੇ ਨੇ, 'ਤੁਹਾਨੂੰ ਕੀ ਪਤਾ ਸੋਲੋ ਨਾਟਕ ਜ਼ਰੀਏ ਅਸੀਂ ਆਪਣੀ ਗੱਲ ਆਪਣੇ ਮਜ਼ਬੂਨ ਦੇ ਅਨੁਸਾਰ ਕਹਿ ਸਕਦੇ ਹਾਂ।'

ਬਲਜੀਤ ਬੱਲ

ਹਰ ਸੋਲੋ ਨਾਟਕ ਵੇਖਦਿਆਂ, ਪੜ੍ਹਦਿਆਂ ਸ਼ਬਦਾਂ ਦਾ ਤਰਜਮਾ ਕਰਦਿਆਂ ਕਈ ਵਾਰ ਸਾਹ ਵੀ ਰੁਕ ਜਾਂਦਾ ਹੈ। ਜਦੋਂ ਕਿਤੇ ਚੰਨ ਦੀ ਚਾਨਣੀ ਰਾਤ 'ਚ ਤਾਰਿਆਂ ਨਾਲ ਗੱਲਾਂ ਕਰਦਾ ਹੈ ਤਾਂ ਸੰਵਾਦ ਲਿਖਦਾ ਹੈ।

ਸਾਹਿਬ ਸਿੰਘ ਤਿੱਖਾ ਲਿਖਦਾ ਹੈ, ਜ਼ਿੰਦਗੀ (ਸਮਾਜ) ਦੀਆਂ ਉਹਨਾਂ ਹਕੀਕਤਾਂ ਨੂੰ ਹੱਥ ਪਾਉਂਦਾ ਹੈ, ਜਿਨ੍ਹਾਂ ਨੂੰ ਨਿਜ਼ਾਮ ਪਾਉਣੀ ਅੱਖੀ ਹੈ, ਉਸ ਦੇ ਪੰਜ ਸੋਲੋ ਨਾਟਕ ਆਏ ਹਨ।

ਮੈਂ ਵੇਖੇ ਨੇ, ਪੜ੍ਹੇ ਨੇ। ਮੈਂ ਉਹਨਾਂ ਦੇ, ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਵੀ ਪੜ੍ਹੇ ... ਇੰਟਰਵਿਊ ਵੀ ਸੁਣੀਆਂ..

ਫਿਰ ਵੀ ਲੱਗਦਾ ਹੈ ਜਿੰਨਾ ਮਰਜ਼ੀ ਲਿਖ ਲਵੋ, ਹਰ ਵਾਰ ਨਵਾਂ ਮਿਲ ਜਾਂਦਾ ਹੈ : ——

ਚਲੋ ਗੱਲ ਕਰਦੇ ਹਾਂ...

ਸੋਲੋ ਨਾਟਕਾਂ ਵੱਲ

ਪਹਿਲਾਂ ਨਾਟਕ ਜਿਸ ਦੀ ਗੱਲ ਕਰਾਂਗੇ, ਉਹ ਹੈ 'ਲੱਛੂ ਕਬਾੜੀਆ' ਦਲਿਤ ਸਮਾਜ 'ਤੇ ਲਿਖਿਆ ਨਾਟਕ

ਹਾਕਮ ਦੀ ਕੁਰਸੀ ਨੂੰ ਵੰਗਾਰਦਾ ਨਾਟਕ, ਗਰੀਬ ਦੀ ਗੁਰਬਤ ਦੀ ਗੱਲ ਕਰਦਾ, ਘੁਟਵੇਂ ਚਾਅ ਮਾਰਦਾ, ਦਲਿਤ ਸ਼ਬਦ ਦੇ ਅਰਥਾਂ ਨੂੰ ਵਿਸ਼ਾਲ ਕਰਦਾ, ਅਪਮਾਨ, ਸਾਰੇ ਲੋਕਾਂ ਦੀ ਹੋਣੀ ਨੂੰ ਦਰਸਾਉਂਦਾ, ਲੋਕਾਂ ਦੇ ਵਹਾਅ ਤੋਂ ਉਲਟ ਪ੍ਰਸੰਗ ਵਿੱਚ ਉਪਜਦਾ ਜਾਤੀ, ਹਉਮੈ, ਜਗੀਰਦਾਰੀ ਪਰੰਪਰਾ ਦਾ ਵਿਦਰੋਹ ਲੈ ਤੁਰਦਾ ਲੱਛੂ ਕਿਤੇ ਵੰਗਾਰਦਾ ਹੈ, ਕਿਤੇ ਚਿਤਵਦਾ ਹੈ, ਕਦੇ ਸਮਝੌਤੇ ਕਰਦਾ, ਅਣਖ ਨੂੰ ਜਗਾਉਂਦਾ ਹੈ,

ਤੇ ਮੈਂ ਜਦੋਂ ਲੱਛੂ ਦੇ ਬਾਰੇ ਪੜ੍ਹਦੀ ਹਾਂ ਜਾਂ ਨਾਟਕ ਵੇਖਣ ਦੀ ਗੱਲ ਕਰਦੀ ਤਾਂ ਇਸ ਦੇ ਸੰਵਾਦਾਂ ਦਾ ਮੁਹਾਂਦਰਾ ਗਹਿਰਾ ਹੋ ਜਾਂਦਾ ਹੈ। ਚਿਹਰੇ 'ਤੇ ਸਵਾਲ ਹੁੰਦੇ..ਮੱਥੇ 'ਤੇ ਇੱਕ ਚਮਕ ਦੀ ਕਿਰਨ ਵੀ ਸਮਾਨੰਤਰ ਝਲਕਦੀ ਹੈ।

ਜਦੋਂ ਪੰਜ ਪਿਆਰਿਆਂ ਦੀ ਗੱਲ ਕਰਦਾ ਹੈ, ਤਾਂ ਲੱਗਦਾ ਹੈ ਕਲਮ ਦੀ ਕੁੱਖ 'ਚ ਖਾਲਸਾ ਸ਼ਬਦ ਹੋਰ ਖਾਲਸ ਹੋ ਗਿਆ। ਜਦੋਂ ਸਵਾਲ ਕਰਦਾ ਹੈ।ਦਾਇਆ ਸਿੰਘ ਨਾਲ ਖੱਤਰੀ ਕਿਉਂ, ਧਰਮ ਸਿੰਘ ਨਾਲ ਜੱਟ ਕਿਉਂ ? ਇਹਨਾਂ ਨਾਲੋਂ ਖੱਤਰੀ, ਜੱਟ ਲਾਹ ਦਿਓ ਜਾਂ ਫਿਰ ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਨਾਲ ਨਾਈ/ਛੀਂਬੇ / ਝਿਓਰ ਲਿਖ ਦਿਓ ਗਹਿਰਾ ਸਵਾਲ ਹੈ..????

ਮੁਹੱਬਤ ਦੀ ਬਾਤ ਪਾਉਂਦਾ, ਜਾਤ-ਪਾਤ ਤੇ ਵਖਰੇਵੇਂ ਦੀ ਗੱਲ ਕਰਦਾ ਲੱਛੂ ਦੇ ਬਾਪ ਦੇ ਜਗੀਰਦਾਰ ਹੱਥੋਂ ਹੋਏ ਅਪਮਾਨ ਨੂੰ ਨਿੱਜਤਾ ਨਾਲ ਜੋੜਦਾ, ਉਸ ਵੱਲੋਂ ਸ਼ਬਦਾਂ 'ਚ ਪ੍ਰਤੀਕ ਦੇ ਰੂਪ ਵਿੱਚ ਵਰਤੇ ਕਬਾੜ, ਕਾਪੀ, ਬੋਰੀ, ਇੱਜ਼ਤ ਲਈ ਚੁੰਨੀ, ਦਲਿਤ ਸਮਾਜ ਦੇ ਨਿੱਜਤਾ ਨੂੰ ਦਰਸਾਉਂਦੇ ਹਨ।

ਬੀਬੀ ਦੇ ਆਪਣੇ ਪੁੱਤ ਦੇ ਜੂੜੇ 'ਤੇ ਖੱਦਰ ਦੀ ਟਾਕੀ ਬੰਨ੍ਹ ਪੁੱਤ ਨੂੰ ਸਰਦਾਰੀ ਦੀ ਖੁਸ਼ਬੂ ਨੂੰ ਮਾਨਣਾ, ਉਸ ਦੇ ਅੰਦਰ ਕਿਤੇ ਬੈਠੀ ਉਸ ਭਾਵਨਾ ਦੀ ਉੱਪਜ ਹੈ, ਜੋ ਉਸ ਨੂੰ ਛੋਟੇ ਹੋਣ ਦਾ ਅਹਿਸਾਸ ਪੈਦਾ ਕਰਦੀ ਹੈ।

ਨਾਟਕ ਦੀ ਪੇਸ਼ਕਾਰੀ ਪਿੱਛਲਝਾਤ ਵਿੱਚ ਜਦੋਂ ਆਪਣੀ ਘਰਵਾਲੀ ਨੂੰ ਬਚਪਨ ਦੀ ਗੱਲ ਕਰਦਾ ਹੈ, ਆਪਣੀ ਮਾਂ ਦੀਆਂ ਦੁਸ਼ਵਾਰੀਆਂ ਦੱਸਦਾ ਹੈ ਤਾਂ ਆਪਣੇ ਬਾਪ ਦੀ ਬੇਇਜ਼ਤੀ ਸੀਨੇ 'ਚ ਲਈ ਬੈਠਾ ਹੈ, ਅੰਦਰ-ਅੰਦਰ ਸਵਾਲ ਨੇ, ਹਯਾਤੀ ਦੇ ਪਲ ਵੀ ਮਾਨਣ ਦੀ ਬਜਾਏ ਇੱਕ ਕੰਮ ਵਾਂਗ ਹੀ ਹੰਢਾ ਰਿਹਾ ਹੈ। ਪਤਨੀ ਦੀ ਬੇਵੱਸੀ ਤੇ ਝਿੜਕ ਉਸ ਦੀ ਆਪਣੀ ਹਉਮੈ 'ਚ ਉੱਗੀ ਬੇਵੱਸੀ ਹੈ। ਦੋਵੇਂ ਹੀ ਤਰਾਸਦੀ ਦੇ ਪਾਤਰ ਜਾਪਦੇ ਨੇ, ਤੰਗੀਆਂ-ਤੁਰਸ਼ੀਆਂ, ਕੁੱਝ ਹੋ ਕੇ ਕਰ ਸਕਣ ਦੀ ਹਿੰਮਤ ਦਾ...

ਅੰਤ ਕੁਰਸੀ ਨੂੰ ਵੰਗਾਰ ਲੱਛੂ (ਲਛਮਣ ਸਿੰਘ) ਜਦ ਹਾਕੀ ਉਲਾਰਦਾ ਹੈ ਤਾਂ ਇੱਕ ਚੇਤਨਤਾ ਦਾ ਸੁਨੇਹਾ ਦਿੰਦਾ ਹੈ ਤੇ ਹਕੂਮਤ ਦੇ ਮੂੰਹ 'ਤੇ ਪਈ ਚਪੇੜ ਲੱਗਦਾ ਹੈ। ਸਾਹਿਬ ਸਿੰਘ ਲਿਖਦਾ ਹੈ, '— ਕਿ ਮੈਂ ਇਸ ਦੇ ਸਵਾ ਸੌ ਸ਼ੋਅ ਰਾਹੀਂ ਕਲਾ ਦੇ ਘਰੋਂ ਲੱਛੂ ਕਬਾੜੀਆਂ ਦੇ ਰੂਪ ਵਿੱਚ ਤੱਤੇ ਘਿਓ ਵਰਗੀ ਕਲਾ ਕਿਰਤ ਭੇਟ ਕਰ ਰਿਹਾ ਹਾਂ ਤਾਂ ਜੋ ਕੁਝ ਸੱਟਾਂ ਚੁਗੀਆਂ ਜਾ ਸਕਣ। ਸੱਟਾਂ ਬਹੁਤ ਨੇ ਡੂੰਘੀਆਂ ਨੇ, ਬਹੁਤ ਕੁਝ ਕਰਨਾ ਬਾਕੀ ਹੈ——'

ਚਲੋ ਗੱਲ ਕਰਦੇ ਹਾਂ.. ਅਗਲੇ ਵਿਹੜੇ ਦੀ, ਭਾਵ... 'ਸੰਮਾਂ ਵਾਲੀ ਡਾਂਗ' ਦੀ...

'ਪਰਾਂ ਹੋ ਜਾ ਜੱਟ ਆਉਂਦੇ ਆ..
ਜੱਟ ਫੱਟੇ ਚੱਕ ਆਉਂਦੇ ਆ..
ਕਰੀ ਲਾਲ ਲਾਲ ਅੱਖ ਆਉਂਦੇ ਆ..
ਜੱਟ ਫੱਟੇ.. ਚੱਕ...'

ਨਿੱਕਾ ਜਿਹਾ ਰੇਡੀਓ ਕਿੱਲੀ 'ਤੇ ਟੰਗ ਫਿਰ ਖੁੱਲ੍ਹਦਾ ਹੈ ਨਾਟਕ ਵਾਲਾ ਝੋਲਾ... ਛੋਟੀ ਕਿਰਸਾਨੀ ਦਾ ਸੰਤਾਪ... ਆੜ੍ਹਤੀ ਦੀ ਵਹੀ..

ਦਿੱਲੀ ਦਾ ਮੋਰਚਾ.. ਹਾਕਮ ਦੀ ਕੁਰਸੀ, ਕਿਰਸਾਨੀ ਦੇ ਜ਼ਖਮ

ਫਸਲਾਂ ਦੀ ਸਹੀ ਚੋਣ, ਕੀਮਤ, ਮੁੜ੍ਹਕੇ ਦੀ ਮਾਰੀ ਮੱਤ,..

ਬੜੀ ਹੀ ਤਿੱਖੀ ਤੇ ਗਹਿਰੀ ਸੱਟ ਮਾਰਦਾ..

'ਜਦ ਗੋਣ ਵਾਲਾ ਵਾਜ਼ਾ ਵਜਾਉਂਦਾ..... ਉਹ ਬੰਦਾ ਜਿਹਨੇ ਕਦੇ ਖੇਤ ਵਿੱਚ ਪੈਰ ਨਹੀਂ ਧਰਿਆ, ਉਹ ਹੀ ਖੜ੍ਹਾ ਹੋ ਕੇ ਐ ਕਿੱਦਾਂ ਕਹਿ ਦਿੰਦਾ..' ਤ੍ਰਾਸਦੀ ਨਹੀਂ ਤਾਂ ਹੋਰ ਕੀ...

ਸੱਪਾਂ ਦੀਆਂ ਸਿਰੀਆਂ ਨੱਪਣ ਆਲੇ, ਧੁੱਪਾਂ ਵਿੱਚ ਸੜਨ ਵਾਲੇ, ਸਿਖ਼ਰ ਦੁਪਹਿਰ ਕਹੀਆਂ ਚਲਾਉਣ ਵਾਲੇ, ਜਦੋਂ ਆਪਣਾ ਮੁੜ੍ਹਕਾ ਵਹਾਉਂਦੇ ਨੇ.. ਤਾਂ ਖਿਝ ਵਿੱਚ.. ਕਹਿ ਰਿਹਾ। 'ਸਾਡੇ ਮੁੜ੍ਹਕੇ, ਮਿਹਨਤ ਨਾਲ ਫਸਲ ਉੱਗਦੀ ਹੈ, ਫੇਰ ਸਾਡੇ ਕੱਪੜਿਆਂ ਵਿੱਚੋਂ ਮਾੜੀ-ਮੋਟੀ ਬੋਅ ਨਹੀਂ ਆਊਗੀ ਤਾਂ ਹੋਰ ਥੋਡਾ ਸਿਰ ਆਊਗਾ'

ਇਹ ਜ਼ੁਰਅੱਤ ਦੀ ਗੱਲ ਸਾਹਿਬ ਸਿੰਘ ਹੀ ਕਰ ਸਕਦੈ..

'ਸਾਡੇ ਲਈ ਤਾਂ ਉਹ ਪਲ ਵੀ ਕੰਮ ਭੁਗਤਾਉਣ ਅਰਗੇ ਹੁੰਦੇ'..

ਤੀਵੀਂ ਮਰਦ ਦੇ ਰਿਸ਼ਤੇ ਦੀ ਤ੍ਰਾਸਦੀ ਹੈ।

ਪਿੱਛਲ ਝਾਤ ਮਾਰਦਾ ਹੈ.. ਫੌਜੀ ਬਾਪ.. ਮਾਂ ਦਾ ਡਰ.. ਪੁੱਤ ਨੂੰ ਅਫ਼ਸਰ ਬਣਾਉਣ ਦਾ ਖ਼ਾਬ..

ਪਰ ਦੁਸ਼ਮਣ ਦੀ ਪਰਿਭਾਸ਼ਾ ਨਾ ਸਮਝ ਸਕਿਆ???

ਮਾਪੇ ਤੁਰ ਜਾਣ ਤੋਂ ਬਾਅਦ ਪਰਵਾਰ, ਕਿਰਸਾਣੀ ਵਿੱਚ.. ਧੀ ਦਾ ਵਿਆਹ.. ਕਰਦਿਆਂ ਸਧਰਾਂ ਦਾ.. ਪੁੱਤ ਦੀ ਮੌਤ.. ਨੇ ਸੱਥਰ ਵਿੱਚ ਬਦਲ ਜਾਣਾ। ਦੁਖਾਂਤ ਦਾ ਸਿਖ਼ਰ ਹੋ ਨਿੱਬੜਿਆ... ਰੂਹ ਵਿਲਕਦੀ ਹੈ..

ਸਰਮਾਏਦਾਰੀ ਦੀ ਲੁੱਟ ਤੂੜੀ ਵਾਲੇ ਕੋਠੇ ਤੋਂ ਤੁਰ ਜਦ ਰਸੋਈ ਵਿਚ ਆਈ.. ਸੱਪ ਨੂੰ ਪ੍ਰਤੀਕ ਦੇ ਰੂਪ ਵਿੱਚ ਵਿਖਾ ਉਸ ਦਾ ਸਿਰ ਨੱਪ..

ਨਿਜ਼ਾਤ ਪਾਉਣ ਦਾ ਸੁਨੇਹਾ.. ਸਾਹਿਬ ਸਿੰਘ ਹੀ ਦੇ ਸਕਦਾ।

ਬਦਲਦੇ ਪ੍ਰਭਾਵ ਨੂੰ ਪੇਸ਼ ਕਰਦਾ ਤੀਸਰਾ ਸੋਲੋ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਵਰਤਮਾਨ ਸਮੇਂ ਵਿੱਚ ਅੱਖੇ ਹੋ ਪਰਦੇਸ ਜਾਣ ਦੀ ਲੱਲਕ ਨੂੰ ਵੱਖਰੇ ਰੂਪ ਵਿੱਚ ਪੇਸ਼ ਕਰਦਾ ਹੈ,

ਜਾਤ ਪਾਤ, ਸਿੱਖਿਆ ਦੀ ਲੋੜ, ਸਕੂਲਾਂ ਦੀ ਪ੍ਰਬੰਧਣ ਦਾ,..

ਬਾਹਰ ਗਏ ਨੌਜਵਾਨਾਂ ਦੀਆਂ ਦੁਸ਼ਵਾਰੀਆਂ ਨੂੰ ਦਰਸਾਉਂਦਾ.. ਹਿੰਦ-ਸਿੱਖ ਮਸਲੇ ਨੂੰ ਉਭਾਰਦਾ.. ਮਾਸਟਰ ਵਧੀਆ ਸੂਤਰਧਾਰ ਰਿਹਾ ਹੁਣ ਤੁਰਦੇ ਹਾਂ ਉਸ ਸਿਖ਼ਰ ਵੱਲ... ਜਿੱਥੇ.. ਪੁੱਜ ਲੱਗਦਾ ਵਿਧਾ ਬਦਲ ਗਈ..

ਧਨੁ ਲਿਖਾਰੀ ਨਾਨਕਾ.. ਸਿਖ਼ਰ

ਲੇਖਕ ਤਾਂ ਸੂਖਮ ਵਿਸ਼ੇ ਲੱਭੂ.. ਲਿਖੂ.. ਧੁਰ ਅੰਦਰ ਤੱਕ ਮਹਿਸੂਸ ਕਰੂ... ਲੇਖਕ ਜੂ ਹੋਇਆ..

ਸਾਹਿਲ ਲੇਖਕ ਦੇ ਕਿਰਦਾਰ ਵਿੱਚ.. ਆਲੇ-ਦੁਆਲੇ ਦੇ ਭਿਆਨਕ ਵਰਤਾਰੇ ਤੋਂ ਪੀੜ ਲੈ ਤੁਰਦਾ..

'ਤੁਸੀਂ ਰਾਤ ਨੂੰ ਸੌਂਦੇ ਹੋ, ਸੁਪਨੇ ਲੈਂਦੇ ਹੋ..' ਪੁੱਛਦਾ, ਦਰਸ਼ਕ ਹੈਰਾਨ ਹੋ.. ਵੇਖਦਾ.. ਉਹ ਜਾਗਣ ਦੀ ਬਾਤ ਪਾਉਣ ਲੱਗਦਾ, ਉਹਨਾਂ ਕਿਰਦਾਰਾਂ ਦੀ ਗੱਲ ਕਰਨ ਲੱਗਦਾ..ਅਸੁਰੱਖਿਅਤ। ਧੀਆਂ ਦੀ ਗੱਲ ਕਰਨ ਲੱਗਦਾ..

ਹਾਂ.. ਨਿਰਭੈ ਕੇਸ..

ਜਲ੍ਹਿਆਂਵਾਲਾ ਬਾਗ.. ਉਸ ਦੀਆਂ ਰੋਸ਼ਨੀਆਂ ਦੇ ਹਨੇਰੇ ਦੀ ਗੱਲ ਕਰਦਾ..

ਸਿੰਘੂ ਬਾਰਡਰ 'ਤੇ ਬੈਠੇ.. ਕਿਰਸਾਨਾਂ ਦੇ ਸੰਘਰਸ਼ ਨੂੰ ਹੁਲਾਰਾ ਦਿੰਦਾ...

ਦਿੱਲੀ ਦੇ ਤਖ਼ਤ ਨੂੰ ਗੁਰੂ ਤੇਗ ਬਹਾਦੁਰ ਦੀ ਸ਼ਹਾਦਤ..

ਬੇਕਸੂਰ ਪੱਤਰਕਾਰ ਦੀ.. ਗੱਲ

ਪੰਜਾਬ ਦੀ ਜਵਾਨੀ.. ਦੀ ਗੱਲ.

ਦਿੱਲੀ ਦੇ ਦੰਗੇ..

ਧਰਮ ਦੇ ਨਾਂਅ 'ਤੇ ਮਾਸੂਮ ਦਾ ਕਤਲ ਦਰਿੰਦਗੀ ਦਾ ਸਿਖ਼ਰ...

ਫਿਰ ਵੀ ਕਿਤੇ ਮੁਹੱਬਤ ਦੇ ਜਜ਼ਬਾਤ ਦੀ ਗੱਲ ਵੀ ਕਰਦਾ

ਮੁਸੀਬਤ ਵਿੱਚ ਵੀ.. ਕਿਤੇ ਸਕੂਨ ਦਾ ਹੁਲਾਰਾ ਭਰਦਾ

ਨਾਟਕ ਨੂੰ ਤੋਰਦਾ... ਅੱਖ ਨਾ ਝਪਕਣ ਦਿੰਦਾ

ਕਿੱਥੇ ਟਿਕਣ ਦੇਣਗੇ ਸੰਵੇਦਨਸ਼

ਸਾਹਿਤ ਦੀ ਜ਼ੰਨਤ ਦੇ ਦਰਸ਼ਨ ਕਰਵਾ ਗਿਆ ਅੰਮ੍ਰਿਤਸਰ ਸਾਹਿਤ ਉਤਸਵ

ਜਦ-ਜਦ ਵੀ ਸੰਕਟ ਆਇਆ ਹੈ ਪੰਜਾਬ ਪੰਜਾਬੀਆਂ ਦੇ ਜਜ਼ਬੇ ਨਾਲ ਮੁੜ-ਮੁੜ ਉਭਰਿਆ ਹੈ। ਖੇਤੀ ਪ੍ਰਧਾਨ ਸੂਬੇ ਪੰਜਾਬ ਦਾ ਹਰ ਕਾਰ-ਵਿਹਾਰ ਕੁਦਰਤ ਦੇ ਨਾਲ ਜੁੜਿਆ ਹੈ। ਹਰ ਨਵੀਂ ਸ਼ੁਰੂਆਤ ਨਾਲ ਮੇਲੇ ਮੁੱਢ ਕਦੀਮ ਤੋਂ ਜੁੜੇ ਹੋਏ ਹਨ। ਇੱਥੇ ਫ਼ਸਲ ਬੀਜਣ ਤੋਂ ਲੈ ਕੇ ਫ਼ਸਲ ਪੱਕਣ ਤੱਕ ਮੇਲੇ ਲਗਦੇ ਹਨ। ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲੋਂ ਕਰਵਾਇਆ ਜਾਂਦਾ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਪੰਜਾਬ ਦਾ ਇਕ ਮਹੱਤਵਪੂਰਨ ਸਾਹਿਤਕ-ਸਭਿਆਚਾਰਕ ਬਣ ਗਿਆ ਹੈ। 2025 ਵਿੱਚ ਇਹ ਮੇਲਾ ਦਸਵੇਂ ਸਾਲ ਵਿੱਚ ਦਾਖ਼ਲ ਹੋਇਆ। ਇਕ ਦਹਾਕੇ ਵਿੱਚ ਅੰਮ੍ਰਿਤਸਰ ਸਾਹਿਤ ਉਤਸਵ ਸਾਹਿਤ, ਸਭਿਆਚਾਰ ਤੇ ਸੰਵਾਦ ਦਾਬਹੁਰੰਗੀ ਮੰਚ ਬਣ ਗਿਆ ਹੈ।ਕਾਲਜ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ ਕਰਵਾਇਆ ਜਾਂਦਾ ਇਹ ਵਿਲੱਖਣ ਮੇਲਾ ਇਸ ਵਾਰ 15 ਤੋਂ 19 ਨਵੰਬਰ ਨੂੰ ਭਰਿਆ। ਪੰਜ ਦਿਨਾਂ ਦਾ ਇਹ ਮੇਲਾ ਪੰਜਾਬ ਦੇ ਜਜ਼ਬੇ ਨੂੰ ਸਮਰਪਿਤ ਨਿਰੋਲ ਸਾਹਿਤ ਉਤਸਵ ਤੇ ਪੁਸਤਕ ਮੇਲਾ ਸਾਬਤ ਹੋਇਆ।

ਦੀਪ ਜਗਦੀਪ ਸਿੰਘ

ਇਸ ਵਾਰ ਮੇਲੇ ਨੇ ਕੁਦਰਤ ਦੇ ਵਿਸਮਾਦ ਤੋਂ ਲੈ ਕੇ ਪੰਜਾਬ ਨੂੰ ਦਰਪੇਸ਼ ਮਸਲਿਆਂ ਨੂੰ ਨਿੱਠ ਕੇ ਵਿਚਾਰਿਆ।

ਮੇਲੇ ਦੇ ਪਹਿਲੇ ਦਿਨ ਤੋਂ ਹੀ ਕੁਦਰਤ, ਪਾਣੀ ਤੇ ਸ਼ਬਦ ਨੂੰ ਕੇਂਦਰ ਵਿੱਚ ਰੱਖ ਕੇ ਸੰਵਾਦ ਦੀ ਸ਼ੁਰੂਆਤ ਹੋਈ। ਉਦਘਾਟਨੀ ਸਮਾਹੋਰ ਦੀ ਆਰੰਭਤਾ ਸ਼ਬਦ ਗਾਇਨ ਨਾਲ ਹੋਈ। ਸੰਵਾਦ ਦੀ ਆਰੰਭਤਾ ਕਰਦਿਆਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਅੰਮ੍ਰਿਤਸਰ ਸਾਹਿਤ ਉਤਸਵ ਦੇ ਦਸ ਸਾਲਾਂ ਦੇ ਸਫ਼ਰ ’ਤੇ ਚਾਨਣਾ ਪਾਉਂਦਿਆਂ ਕਿਹਾ ਕਿ ਖ਼ਾਲਸਾ ਕਾਲਜ ਪੰਜਾਬ ਦੇ ਮੱਥੇ ਦੀ ਕਲਗੀ ਹੈ। ਇਸ ਸਾਹਿਤ ਉਤਸਵ ਨੇ ਖ਼ਾਲਸਾ ਕਾਲਜ ਦੀ ਇਕ ਸਦੀ ਤੋਂ ਲੰਮੀ ਗਿਆਨ ਦੇ ਪਾਸਾਰ ਦੀ ਰਿਵਾਇਤ ਨੂੰ ਅੱਗੇ ਤੋਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਵਿੱਚ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਵੱਲੋਂ ਭਰਪੂਰ ਸਹਿਯੋਗ ਤੇ ਸਮਰਥਨ ਮਿਲਿਆ ਜਿਸ ਨਾਲ ਅੰਮ੍ਰਿਤਸਰ ਸਾਹਿਤ ਉਤਸਵ ਦਾ ਇਕ ਦਹਾਕੇ ਦਾ ਸ਼ਾਨਾਮੱਤਾ ਸਫ਼ਰ ਮੁਕੰਮਲ ਹੋ ਸਕਿਆ ਜੋ ਅੱਗੇ ਵੀ ਬਾਦਸਤੂਰ ਜਾਰੀ ਰਹੇਗਾ। ਉਨ੍ਹਾਂ ਉਤਸਵ ਦੇ ਆਯੋਜਕ ਕਾਲਜ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਪਰਮਿੰਦਰ ਸਿੰਘ ਤੇ ਸਮੂਹ ਸਟਾਫ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨੂੰ ਸਫ਼ਲ ਬਣਾਉਣ ਵਿੱਚ ਪੂਰੇ ਵਿਭਾਗ ਦਾ ਅਣਥੱਕ ਯੋਗਦਾਨ ਹੈ ਅਤੇ ਨਾਲ ਹੀ ਕਾਲਜ ਦਾ ਹਰ ਵਿਭਾਗ ਵੱਧ-ਚੜ੍ਹ ਕੇ ਸਹਿਯੋਗ ਕਰਦਾ ਹੈ।ਸਾਹਿਤ ਉਤਸਵ ਤੇ ਪੁਸਤਕ ਮੇਲੇ ਦੀ ਮਹੱਤਤਾ ਬਾਰੇ ਬੋਲਦਿਆਂ ਖ਼ਾਲਸਾ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਮਹਿਲ ਸਿੰਘ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਵੇਂ ਗਿਆਨ ਹਾਸਲ ਕਰਨ ਦੇ ਕਿੰਨੇ ਵੀ ਨਵੇਂ ਡਿਜੀਟਲ ਮਾਧਿਅਮ ਆ ਜਾਣ, ਕਿਤਾਬਾਂ ਦਾ ਬਦਲ ਨਹੀਂ ਬਣ ਸਕਦੇ। ਉਨ੍ਹਾਂ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਹਰ ਸਾਲ ਕੁਝ ਕਿਤਾਬਾਂ ਖ਼ਰੀਦਣ ਅਤੇ ਆਪਣੇ ਸਰ੍ਹਾਹਣੇ ਰੱਖ ਲਈ ਪ੍ਰੇਰਿਆ। ਇਸ ਸੰਵਾਦ ਨੂੰ ਅੱਗੇ ਤੋਰਦਿਆਂ ਪ੍ਰੱਸਿਧ ਨਾਵਲਕਾਰ ਸਰਦਾਰ ਨਾਨਕ ਸਿੰਘ ਦੇ ਪੋਤਰੇ ਅਤੇ ਸਾਬਕਾ ਆਈ. ਐਫ਼. ਐਸ. ਅਫ਼ਸਰਨਵਦੀਪ ਸਿੰਘ ਸੂਰੀ ਨੇ ਦੱਸਿਆ ਕਿ ਯੂਪੀਐਸਸੀ ਵਰਗੇ ਇਮਤਿਹਾਨ ਨੂੰ ਪਾਸ ਕਰਨ ਦਾ ਕਦੇ ਸੋਚਿਆ ਵੀ ਨਹੀਂ ਸੀ। ਉਹ ਇਹ ਮੁਸ਼ਕਿਲ ਇਮਤਿਹਾਨ ਸਿਰਫ਼ ਇਸ ਲਈ ਪਾਸ ਕਰ ਸਕੇ ਕਿ ਸਕੂਲ ਪੜ੍ਹਦਿਆਂ ਹੀ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪਾ ਦਿੱਤੀ। ਬਚਪਨ ਵਿੱਚ ਪੜ੍ਹੀਆਂ ਕਿਤਾਬਾਂ ਸਫ਼ਲਤਾ ਦਾ ਆਧਾਰ ਬਣਿਆ। ਉਨ੍ਹਾਂ ਸੋਸ਼ਲ ਮੀਡੀਆਂ ਰਾਹੀਂ ਬਿਨਾਂ ਸੋਚੇ ਸਮਝੇ ਤੱਥਹੀਣ ਸਮੱਗਰੀ ਨੂੰ ਅੱਗੇ ਵਧਾਉਣ ਦੇ ਰੁਝਾਨ ਬਾਰੇ ਚਿੰਤਾ ਪ੍ਰਗਟ ਕੀਤੀ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਕਰਮਜੀਤ ਸਿੰਘ ਨੇ ਕਿਹਾ ਜਿਸ ਨੇ ਵੀ ਪੁਸਤਕ ਦੀ ਇਜਾਦ ਕੀਤੀ, ਉਸ ਨੇ ਬਹੁਤ ਹੀ ਵੱਡਾ ਕਾਰਜ ਕੀਤਾ। ਸਾਹਿਤ ਭੂਤਕਾਲ ਅਤੇ ਭਵਿੱਖ ਵਿਚਾਲੇ ਪੁਲ ਦਾ ਕੰਮ ਕਰਦਾ ਹੈ। ਉਨ੍ਹਾਂ ਹਰਮਨ-ਪਿਆਰੇ ਸ਼ਾਇਰ ਡਾ. ਸੁਰਜੀਤ ਪਾਤਰ ਦੀਆਂ ਸਤਰਾਂ ਦਾ ਹਵਾਲਾ ਦਿੰਦਿਆਂ ਕਿਹਾ, ‘ਕਿਤਾਬਾਂ ਸਿਰਫ਼ ਪੰਨਾ ਨਹੀਂ, ਇਹ ਸਮਾਂ, ਸੰਸਾਰ ਤੇ ਇਨਸਾਨ ਦੇ ਜਜ਼ਬਾਤ ਦਾ ਦਰਵਾਜ਼ਾ ਹਨ।’ਉਨ੍ਹਾਂ ਨੇ ਹਾਜ਼ਰੀਨ ਨੂੰ ਹਰ ਮਹੀਨੇ ਇਕ ਪੁਸਤਕ ਪੜ੍ਹਨ ਦਾ ਪ੍ਰਣ ਕਰਨ ਦਾ ਸੁਨੇਹਾ ਦਿੱਤਾ।ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਆਨਰੇਰੀ ਸਕੱਤਰ ਸ. ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿਤਾਬਾਂ ਪੜ੍ਹਨ ਦੀ ਆਦਤ ਨਾ ਰਹਿਣ ਕਰਕੇ ਨਵੀਂ ਪੀੜ੍ਹੀ ਵਿੱਚ ਯਾਦਦਾਸ਼ਤ ਦੀ ਸਮੱਸਿਆ ਪੈਦਾ ਹੋ ਗਈ ਹੈ। ਪੜ੍ਹੀ ਹੋਈ ਕਿਤਾਬ ਸਿਮਰਤੀ ਬਣ ਕੇ ਹਮੇਸ਼ਾ ਦਿਮਾਗ਼ ਵਿੱਚ ਅੰਕਿਤ ਹੋ ਜਾਂਦੀ ਹੈ। ਉਨ੍ਹਾਂ ਇਸ ਗੱਲ ’ਤੇ ਅਫ਼ਸੋਸ ਜਤਾਇਆ ਕਿ ਮਾਪੇ ਵੀ ਅੱਜ-ਕੱਲ੍ਹ ਕਹਿਣ ਲੱਗੇ ਹਨ ਸਾਡੇ ਬੱਚਿਆਂ ਨੇ ਕਾਲਜ ਵਿੱਚ ਦਾਖ਼ਲਾ ਹੀ ਲੈਣਾ ਹੈ ਪੜ੍ਹਾਈ ਕਰਨ ਨਹੀਂ ਆਉਣਾ। ਉਨ੍ਹਾਂ ਨੇ ਉੱਚ-ਸਿੱਖਿਆ ਦੇ ਮਿਆਰ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ।ਡੀਨ ਅਕਾਦਮਿਕ ਮਾਮਲੇ ਡਾ. ਤਮਿੰਦਰ ਸਿੰਘ ਭਾਟੀਆ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਨ ਦੇ ਨਾਲ-ਨਾਲ ਸਾਹਿਤ ਉਤਸਵ ਦੇ ਸਮੁੱਚੇ ਪ੍ਰਬੰਧਾਂ ਦੀ ਭਰਪੂਰ ਸ਼ਲਾਘਾ ਕੀਤੀ।

‘ਵਿਚਿ ਦੁਨੀਆ ਸੇਵ ਕਮਾਈਐ’ ਦੇ ਸਿਰਲੇਖ ਅਧੀਨ ਸੈਸ਼ਨ ਦੌਰਾਨ ਭਗਤ ਪੂਰਨ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਪਿੰਗਲਵਾੜਾ ਸੰਸਥਾ ਦੀ ਨਿਰਦੇਸ਼ਕ ਡਾ. ਇੰਦਰਜੀਤ ਕੌਰ, ਮਨੁੱਖਤਾ ਦੀ ਸੇਵਾ ਸੁਸਾਇਟੀ ਦੇ ਰੂਹੇ-ਰਵਾਂ ਭਾਈ ਗੁਰਪ੍ਰੀਤ ਸਿੰਘ ਮਿੰਟੂ ਅਤੇ ਬੀਬੀਸੀ ਪੰਜਾਬੀ ਦੇ ਪੱਤਰਕਾਰ ਰਵਿੰਦਰ ਸਿੰਘ ਰੌਬਿਨ ਨੇ ਸੰਵਾਦ ਰਚਾਉਂਦਿਆਂ ਸੇਵਾ ਦੇ ਸੰਕਲਪ ਬਾਰੇ ਵਿਚਾਰ ਪ੍ਰਗਟ ਕੀਤੇ। ਸ੍ਰੀ ਰੌਬਿਨ ਨੇ ਅੱਜ ਦੇ ਤੇਜ਼ ਰਫ਼ਤਾਰ ਦੌਰ ਵਿੱਚ ਸੇਵਾ ਦੇ ਢੰਗ-ਤਰੀਕਿਆਂ ਅਤੇ ਭਾਵਨਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਨੇ ਦੁਨੀਆਂ ਨੂੰ ਸੇਵਾ ਦੇ ਮਾਡਲ ਪ੍ਰਦਾਨ ਕੀਤੇ। ਪਿੰਗਲਵਾੜਾ ਸੁਸਾਇਟੀ ਦੇ ਕੁਦਰਤੀ ਖੇਤੀ ਦੇ ਪ੍ਰਬੰਧਕ ਤੇ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਮੈਂਬਰ ਸ. ਰਾਜਵੀਰ ਸਿੰਘ ਨੇ ਭਗਤ ਪੂਰਨ ਸਿੰਘ ਦੇ ਸ੍ਰੀ ਡੇਹਰਾ ਸਾਹਿਬ ਤੋਂ ਅੰਮ੍ਰਿਤਸਰ ਸਾਹਿਬ ਤੱਕ ਆਉਣ ਦੇ ਸਫ਼ਰ ਦਾ ਵਰਣਨ ਕਰਦਿਆਂ ਪਿੰਗਲਵਾੜਾ ਵੱਲੋਂ ਕੀਤੇ ਜਾ ਰਹੇ ਸੇਵਾ ਦੇ ਕਾਰਜਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਭਗਤ ਪੂਰਨ ਸਿੰਘ ਦੀ ਵਾਤਾਵਰਨ ਸੁਰੱਖਿਆ ਦੀ ਪ੍ਰੇਰਨਾ ਦਾ ਜ਼ਿਕਰ ਕਰਦਿਆਂ ਪਿੰਗਲਵਾੜੇ ਵੱਲੋਂ ਕੀਤੀ ਜਾਂਦੀ ਕੁਦਰਤੀ ਖੇਤੀ ਦੀ ਭੂਮਿਕਾ ਬਾਰੇ ਨੁਕਤੇ ਸਾਂਝੇ ਕੀਤੇ। ਪਿੰਗਲਵਾੜਾ ਸੁਸਾਇਟੀ ਦੀ ਡਾਇਰੈਕਟਰ ਡਾ. ਇੰਦਰਜੀਤ ਕੌਰ ਨੇ ਗੁਰਬਾਣੀ ਅੰਦਰ ਦੱਸੇ ਗਏ ਜੀਵਨ-ਜਾਚ ਦੇ ਨੁਕਤਿਆਂ ਨੂੰ ਉਭਾਰਦਿਆਂ ਦੱਸਿਆ ਕਿ ਭਗਤ ਪੂਰਨ ਸਿੰਘ ਨੇ ਗੁਰਬਾਣੀ ਵਿੱਚ ਦਰਸਾਏਆਦਰਸ਼ਾਂ ਨੂੰ ਜੀਵਨ ਵਿੱਚ ਅਮਲੀ ਰੂਪ ਵਿੱਚ ਅਪਣਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੇਵਾ ਨਹੀਂ ਰੱਬ ਦੀ ਪੂਜਾ ਕੀਤੀ ਕਿਉਂਕਿ ਉਨ੍ਹਾਂ ਨੂੰ ਹਰ ਇਨਸਾਨ ਵਿੱਚ ਰੱਬਨਜ਼ਰ ਆਉਂਦਾ ਸੀ। ਉਨ੍ਹਾਂ ਨੇ ਸੇਵਾ ਅਤੇ ਵਾਤਾਵਰਨ ਸੰਬੰਧੀ ਜਾਗਰੂਕਤਾ ਵਾਸਤੇ ਪਿੰਗਲਵਾੜਾ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਕਰਕੇ ਮੁਫ਼ਤ ਵੰਡੀਆਂ ਜਾਂਦੀਆਂ ਪੁਸਤਕਾਂ ਬਾਰੇ ਜਾਣਕਾਰੀ ਦਿੱਤੀ।

‘ਮਨੁੱਖਤਾ ਦੀ ਸੇਵਾ ਸੁਸਾਇਟੀ’ ਦੇ ਸੰਚਾਲਕ ਭਾਈ ਗੁਰਪ੍ਰੀਤ ਸਿੰਘ ਮਿੰਟੂ ਨੇ ਸੇਵਾ ਦੇ ਸੰਕਲਪ ਬਾਰੇ ਸੰਵਾਦ ਰਚਾਉਂਦਿਆਂ ਕਿਹਾ ਕਿ ਭਾਈ ਘਨੱਈਆ ਜੀ ਅਤੇ ਭਗਤ ਪੂਰਨ ਸਿੰਘ ਦੇ ਜੀਵਨ ਬਾਰੇ ਬਚਪਨ ਤੋਂ ਸੁਣਦੇ ਰਹੇ ਸੀ। ਫਿਰ ਜਦੋਂ ਪਹਿਲੀ ਵਾਰ ਉਨ੍ਹਾਂ ਕੋਲ ਇਕ ਬਿਮਾਰ ਵਿਅਕਤੀ ਪਹੁੰਚਿਆ ਤਾਂ ਉਸ ਦੀ ਸੇਵਾ-ਸੰਭਾਲ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਰਿਸ਼ਤਿਆਂ ਵਿਚਲਾ ਨਿੱਘ ਖ਼ਤਮ ਹੁੰਦਾ ਜਾ ਰਿਹਾ ਹੈ, ਜਦ ਕਿ ਆਪਣੇ ਆਲੇ-ਦੁਆਲੇ ਵਿਚਰ ਰਹੇ ਮਾਨਸਿਕਤੇ ਸਰੀਰਕ ਤੌਰ ’ਤੇ ਬਿਮਾਰ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਸਮਾਜ ਸੇਵਾ ਦੇ ਨਾਮ ’ਤੇ ਹੋ ਰਹੇ ਗ਼ਲਤ ਕਾਰਜਾਂ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਉਹ ਅਰਦਾਸ ਕਰਦੇ ਹਨ ਕਿ ਸਾਰੇ ਆਸ਼ਰਮ ਬੰਦ ਹੋਜਾਣ ਤੇ ਲੋਕ ਕਦੇ ਲਾਵਾਰਸ ਨਾ ਹੋਣ। ਸਮਾਜ ਆਪਣਿਆਂ ਨੂੰ ਅਪਣਾਏ ਅਤੇ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਸੰਭਾਲੇ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਪੀੜਿਤ ਲੋਕਾਂ ਦਾ ਸਫ਼ਰ ਕਿਤਾਬੀ ਰੂਪ ਵਿੱਚ ਵੀ ਸੰਭਾਲ ਕੇ ਰੱਖਣ ਲਈ ਉਪਰਾਲਾ ਕਰ ਰਹੇ ਹਨ ਤਾਂ ਜੋ ਭਵਿੱਖ ਵਾਸਤੇ ਪ੍ਰੇਰਨਾਬਣ ਸਕੇ।

‘ਕਰੂੰਬਲਾਂ’ ਦੇ ਸਿਰਲੇਖ ਅਧੀਨ ਬਾਲ ਸਾਹਿਤਕਾਰਾਂ ਨੇ ਬਾਲ ਸਾਹਿਤ ਦੀਆਂ ਪਰਤਾਂ ਦੇ ਆਰ-ਪਾਰ ਉਤਰਨ ਦੀ ਕੋਸ਼ਿਸ਼ ਕੀਤੀ। ਬਾਲ ਸਾਹਿਤ ਲੇਖਕ ਡਾ. ਇੰਦਰਪ੍ਰੀਤ ਸਿੰਘ ਧਾਮੀ ਨੇ ਬਾਲਾਂ ਦੇ ਮਨੋਵਿਗਿਆਨ ਦੀਆਂ ਪਰਤਾਂ ਫਰੋਲਦਿਆਂ ਬਾਲ ਸਾਹਿਤ ਦੀ ਭੂਮਿਕਾ ਦੀ ਚਰਚਾ ਕੀਤੀ। ਉਨ੍ਹਾਂ ਨੇ ਬਾਲ ਸਾਹਿਤ ਦੀ ਵਧਦੀ ਲੋੜ ਅਤੇ ਪਾਠਕਾਂ ਤੱਕ ਬਾਲ ਸਾਹਿਤ ਪਹੁੰਚਾਉਣ ਲਈ ਸੁੰਗੜਦੀ ਸਪੇਸ ਬਾਰੇ ਵਿਚਾਰਨਯੋਗ ਨੁਕਤੇ ਉਠਾਏ। ਉਨ੍ਹਾਂ ਨੇ ਲੇਖਕਾਂ ਨੂੰ ਬਾਲ ਸਾਹਿਤ ਲਿਖਣ ਲਈ ਪ੍ਰੇਰਿਤ ਕੀਤਾ। ਪ੍ਰਸਿੱਧ ਬਾਲ ਸਾਹਿਤਕਾਰ ਤੇ ਬਾਲ ਸਾਹਿਤ ਮੈਗਜ਼ੀਨ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਆਜ਼ਾਦੀ ਤੋਂ ਪਹਿਲਾਂ ਦੇ ਬਾਲ ਸਾਹਿਤ ਦੇ ਇਤਿਹਾਸ ਤੋਂ ਸ਼ੁਰੂ ਕਰਕੇ ਇੱਕੀਵੀਂ ਸਦੀ ਵਿੱਚ ਪੰਜਾਬੀ ਬਾਲ ਸਾਹਿਤ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਬਾਲ ਲੇਖਕਾਂ ਨੂੰ ਬਾਲ ਮਨੋਵਿਗਿਆਨ ਨੂੰ ਸਮਝ ਕੇ ਉਸ ਅਨੁਸਾਰ ਸਾਹਿਤ

ਲਿਖਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਮਾਪਿਆਂ ਨੂੰ ਘਰ ਵਿੱਚ ਬੱਚਿਆਂ ਨਾਲ ਪੰਜਾਬੀ ਵਿੱਚ ਗੱਲ ਕਰਨ ਦਾ ਸੁਨੇਹਾ ਦਿੱਤਾ। ਨਾਮਵਰ ਬਾਲ ਗੀਤ ਗਾਇਕ ਕਮਲਜੀਤ ਸਿੰਘ ਨੀਲੋਂ ਨੇ ਬਚਪਨ ਤੋਂ ਲੈ ਕੇ ਜਵਾਨੀ ਤੱਕ ਦੇ ਵੱਖ-ਵੱਖ ਮਨੋਭਾਵਾਂ ਨੂੰ ਆਪਣੇ ਬਹੁ-ਚਰਚਿਤ ਗੀਤਾਂ ਰਾਹੀਂ ਪੇਸ਼ ਕੀਤਾ। ਆਪਣਾ ਹਰਮਨ ਪਿਆਰਾ ਬਾਲ ਗੀਤ ‘ਸੌਂ ਜਾ ਬੱਬੂਆ, ਮਾਣੋ ਬਿੱਲੀ ਆਈ ਆ’ ਸੁਣਾ ਕੇ ਵਿਦਿਆਰਥੀਆਂ ਦਾ ਦਿਲ ਜਿੱਤ ਲਿਆ।

ਦੂਸਰੇ ਦਿਨ ਦੀ ਪਹਿਲੀ ਪੈਨਲ ਚਰਚਾ ‘ਪੰਜਾਬ ਦੀ ਵੰਡ ਅਤੇ ਪੰਜਾਬੀ ਮਾਨਸਿਕਤਾ’ ਵਿਸ਼ੇ ’ਤੇ ਕੇਂਦਰਿਤ ਰਹੀ। ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪੰਜਾਬੀ ਵਿਭਾਗ ਦੇ ਮੁਖੀ ਤੇ ਕਹਾਣੀਕਾਰ ਸਾਂਵਲ ਧਾਮੀਨੇ ਵੰਡ ਤੇ ਰੌਲਿਆਂ ਦੇ ਚਸ਼ਮਦੀਦ ਗਵਾਹਾਂ ਨਾਲ ਮੁਲਾਕਾਤਾਂ ਦੇ ਅਨੁਭਵ ਸਾਂਝੇ ਕੀਤੇ। ਸਾਂਵਲ ਧਾਮੀ ਨੇ ਦੱਸਿਆ ਕਿ ਸੰਤਾਲੀ ਦੀ ਵੰਡ ਦੀ ਘੋਖ ਕਰਦਿਆਂ ਕਈ ਤਰ੍ਹਾਂ ਦੇ ਪਹਿਲੂ ਉੱਭਰ ਕੇ ਸਾਹਮਣੇ ਆਉਂਦੇ ਹਨ। ਵੰਡ ਤੋਂ ਪ੍ਰਭਾਵਿਤ ਕਈ ਲੋਕ ਬੇਬਾਕੀ ਨਾਲ ਵਾਪਰੀਆਂ ਘਟਨਾਵਾਂ ਬਿਆਨ ਕਰਦੇ ਹਨ ਪਰ ਕਈ ਲੋਕ ਕਿਸੇ ਡਰ ਜਾਂ ਹੱਤਕ ਦੀ ਚਿੰਤਾ ਵਿੱਚ ਚੁੱਪ ਰਹਿੰਦੇ ਹਨ। ਸਾਬਕਾ ਪੁਲਿਸ ਅਫ਼ਸਰ ਅਤੇ ਪ੍ਰਸਿੱਧ ਲੇਖਕ ਸ. ਗੁਰਪ੍ਰੀਤ ਸਿੰਘ ਤੂਰ ਨੇ ਆਪਣੇ ਬਜ਼ੁਰਗਾਂ ਵੱਲੋਂ ਹੰਢਾਏ ਗਏ ਵੰਡ ਦੇ ਭਿਆਨਕ ਦੌਰ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬੀਆਂ ਦੀ ਸਾਂਝ ਦੇ ਕਈ ਤਰ੍ਹਾਂ ਦੇ ਪੱਖ ਮਿਲਦੇ ਹਨ ਜਿਨ੍ਹਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਨੇ ਅਜਿਹੀ ਵੰਡ ਬਾਰੇ ਨਾ ਕਦੇ ਸੋਚਿਆ ਅਤੇ ਨਾ ਹੀ ਕਲਪਿਆ ਹੋਵੇਗਾ।ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ ਨੇ ਕਿਹਾ ਕਿ ਸੰਤਾਲੀ ਦੀ ਵੰਡ ਤੋਂਪ੍ਰਭਾਵਿਤ ਹਰੇਕ ਬੰਦਾ ਇੱਕ ਕਹਾਣੀ ਹੈ। ਸੰਤਾਲੀ ਦੀ ਵੰਡ ਨਾਲ ਭੂਗੋਲਿਕ ਤੌਰ ’ਤੇ ਵੰਡੇ ਗਏ ਪੰਜਾਬ ਦਾ ਖਿੱਤਾ ਲਗਾਤਾਰ ਸੁੰਗੜਨ ਦੇ ਕਾਰਨ ਸਾਡਾ ਨਜ਼ਰੀਆ ਵੀ ਸੁੰਗੜਿਆ ਹੈ। ਇਹੀ ਵਜ੍ਹਾ ਹੈ ਕਿ ਵੰਡ ਤੋਂ ਪਹਿਲਾਂ ਜਿਸ ਤਰ੍ਹਾਂ ਦੇ ਵੱਡੇ ਪੰਜਾਬੀ ਸਾਹਿਤਕਾਰ ਸਨ, ਉਹੋ ਜਿਹੇ ਵੰਡ ਤੋਂ ਬਾਅਦ ਪੈਦਾ ਨਹੀਂ ਹੋ ਸਕੇ, ਜਿਸ ਕਰਕੇ ਵੱਡਾ ਸਾਹਿਤ ਨਹੀਂ ਲਿਖਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਮਾਨਸਿਕਤਾ ਵਿੱਚ ਢਾਹੂ ਅਤੇ ਉਸਾਰੂ ਦੋਵਾਂ ਤਰ੍ਹਾਂ ਦੀਆਂ ਪ੍ਰਵਿਰਤੀਆਂ ਸ਼ਾਮਿਲ ਹਨ। ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸਿਧਾਂਤ ਦੀ ਉਦਾਹਰਨ ਪੇਸ਼ ਕਰਦਿਆਂ ਉਹਨਾਂਪ੍ਰੇਰਨਾ ਦਿੰਦਿਆਂ ਕਿਹਾ ਕਿ ਸਾਡੇ ਸਭਿਆਚਾਰ ਦਾ ਅਧਾਰ ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਆਪਸੀ ਸਾਂਝ ਅਤੇ ਮਿਲਵਰਤਨ ਹੋਣਾ ਚਾਹੀਦਾ ਹੈ। ਇਸ ਸੈਸ਼ਨ ਦਾ ਸੰਚਾਲਨ ਕਰਦਿਆਂ ਦਿੱਲੀ ਯ